# ਵਰਿਆਮ

੩੨ਵਾਂ ਸਾਲ ਦਸੰਬਰ,੨੦੦੬



ਸੰਤ ਤਰਨ ਸਿੰਘ ਵਹਿਮੀ

Namdhari Elibrary NamdhariElibrary@gmail.com



ਪੰਜਾਬ ਪੁਲੀਸ ਦੀ ਕੁਸ਼ਤੀ ਟੀਮ ਪਚਵੰਜਵੀਆਂ ਸਰਬ ਭਾਰਤੀ ਪੁਲਿਸ ਖੇਡਾਂ (੪ ਤੋਂ ੧੩ ਅਕਤੂਬਰ ੨੦੦੬) ਵਿਚ ਪ੍ਰਥਮ ਰਹੀ। ਜੇਤੂ ਟਰਾਫੀ ਕੁਸ਼ਤੀ ਟੀਮ ਦੇ ਮੈਂਬਰ ਰਾਜਬੀਰ ਸਿਘ ਨਾਮਧਾਰੀ, ਭੁਪਿੰਦਰ ਠਾਕਰ, ਪਦਮ ਸ੍ਰੀ ਕਰਤਾਰ ਸਿਘ IPS, ਜਗਜੀਤ ਸਿਘ ਡੀ. ਐਸ.ਪੀ. ਇਂਚਾਰਜ ਟੀਮ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੋਂ ਪ੍ਰਾਪਤ ਕਰ ਰਹੇ ਹਨ। ਸ੍ਰੀ ਐਸ. ਐਸ. ਵਿਰਕ ਡੀ.ਜੀ.ਪੀ. ਪੰਜਾਬ ਅਤੇ ਸ੍ਰੀ ਰਾਜਨ ਗੁਪਤਾ IPS, ਏ. ਡੀ.ਜੀ.ਪੀ. ਪੰਜਾਬ ਵੀ ਹਾਜ਼ਰ ਹਨ।



ਕਾਕਾ ਗੁਰਸੇਵ ਸਿਘ ਸਪੁੱਤਰ ਸ. ਗੁਰਬਚਨ ਸਿਘ ਨਾਮਧਾਰੀ ਮੁਹਾਲੀ ਚੰਡੀਗੜ੍ਹ ਦਾ ਸ਼ੁਭ ਅਨੰਦ ਕਾਰਜ ਸਤਿਗੁਰੂ ਜਗਜੀਤ ਸਿਘ ਜੀ ਦੇ ਹੁਕਮ ਅਨੁਸਾਰ ਬੀਬੀ ਅਵਨੀਤ ਕੌਰ ਸਪੁਤਰੀ ਸ. ਅੰਮ੍ਰਿਤਪਾਲ ਸਿਘ, ਮੰਡੀ ਹਿਮਾਚਲ ਪ੍ਰਦੇਸ਼ ਨਾਲ ਸ੍ਰੀ ਭੈਣੀ ਸਾਹਿਬ ਵਿਖੇ ੧੨ ਨਵੰਬਰ ੨੦੦੬ ਐਤਵਾਰ ਨੂੰ ਹੋਇਆ।

Namdhari Elibrary NamdhariElibrary@gmail.com

# ਵਰਿਆਮ

ਦਸੰਬਰ-੨੦੦੬
ਜਿਲਦ-੩੨
ਅੰਕ- ੨

ਸੰਪਾਦਕ
ਜਗਦੀਸ਼ ਸਿੰਘ 'ਵਰਿਆਮ'

ਦਫ਼ਤਰ ਦਾ ਪਤਾ:
ਮਾਸਿਕ ਵਰਿਆਮ
ਲਾਡੋਵਾਲੀ ਰੋਡ
(ਸਾਹਮਣੇ ਸੈਂਟਰਲ ਟਾਊਨ)
ਜਲੰਧਰ- ੧੪੪੦੦੧

Office Address :
Monthly WARIAM
Ladowali Road.
Opp. Central Town,
Jalandhar-144001

ਫੋਨ-:੦੧੮੧- ੨੨੨੨੫੪੩  Ph. :0181-2222543 (O)
ਘਰ : ੦੧੮੧-੨੪੫੬੨੮੯  0181-2456289 (R)

## ਵਰਿਆਮ ਦੇ ਦਰ

| | |
|---|---|
| ਇਹ ਅੰਕ | ੨੦-੦੦ |
| ਸਲਾਨਾ ਚੰਦਾ | ੨੦੦-੦੦ |
| ਪੰਜ ਸਾਲ ਲਈ | ੯੦੦-੦੦ . |
| ਜੀਵਨ ਮੈਂਬਰ | ੨੦੦੦-੦੦ |
| ਵਿਦੇਸ਼ ਲਈ ਹਵਾਈ ਡਾਕ ਰਾਹੀਂ | ੩੦ ਪੌਂਡ ਜਾਂ ੬੦ ਡਾਲਰ ਅਮਰੀਕੀ (ਸਾਲਾਨਾ) |

ਚੈਕ ਡਰਾਫਟ Monthly Wariam ਜਾਂ ਕੇਵਲ Wariam ਦੇ ਨਾਂਅ ਤੇ ਹੀ ਭੇਜੇ ਜਾਣ।

## ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

## ਤਤਕਰਾ

ਸ਼ਹੀਦੀ ਗੁਰੂ ਤੇਗ ਬਹਾਦਰ
—ਜਗਦੀਸ਼ ਸਿੰਘ ਵਰਿਆਮ ---------- ੩
ਸੰਤ ਤਰਨ ਸਿੰਘ ਵਹਿਮੀ ਪੁਰਸਕਾਰ
—ਜਗਦੀਸ਼ ਸਿੰਘ ਵਰਿਆਮ ---------- ੪
ਕਹਾਣੀ ਕ੍ਰਿਕਟ ਦੀ—ਜਗਦੀਸ਼ ਸਿੰਘ ਵਰਿਆਮ --- ੫
ਭਾਰਤੀ ਲੋਕ ਸੱਦਾਮ ਹੁਸੈਨ ਨੂੰ ਮੌਤ ਦੀ
ਸਜ਼ਾ ਦੇਣਾ ਠੀਕ ਨਹੀਂ ਸਮਝਦੇ —ਮਨੋਰਮਾ ਦੀਵਾਨ ----੬
'ਚੱਕਰਵਰਤੀ' ਕ੍ਰਿਤ ਸਿਮੌਰ
ਰਚਨਾ- 'ਅਪੂਰਵ ਬਲੀਦਾਨ'—ਸੁਰਜਨ ਸਿੰਘ ਵਿਰਕ ੯
ਉਹ ਘਰ ਬੁਢਿਆਂ ਦਾ
—ਜਸਵਿੰਦਰ ਸਿੰਘ, ਹਿਸਟੋਰੀਅਨ ----- ੧੭
ਗੀਤ —ਅਜੈਬ ਸਿੰਘ ------------------ ੨੧
ਆਧੁਨਿਕ ਦੋਹੇ —ਡਾ. ਹਰਨੇਕ ਸਿੰਘ ਕੋਮਲ --- ੨੧
ਚੋਣਵੇਂ ਪੰਜਾਬੀ ਸ਼ੇਅਰ —ਚਰਨ ਸੀਚੇਵਾਲਵੀ --- ੨੨
ਯਾਦਿ ਵਿਰਕ ਦੀਏ —ਕਰਤਾਰ ਸਿੰਘ ਪੰਛੀ --- ੨੩
ਕੁਰਬਾਣ —ਦਲਬੀਰ ਸਿੰਘ ਤਰਸ ----------- ੨੪
ਤੇਗ ਬਹਾਦਰ ਸਤਿਗੁਰੂ
— ਸੰਤ ਇੰਦਰ ਸਿੰਘ ਚਕ੍ਰਵਰਤੀ ----- ੨੪
ਹੰਝੂ —ਸ਼ਿਵ ਕੁਮਾਰ ਬਟਾਲਵੀ ------------ ੨੪
ਮਿਸ਼ਟੀ ਸੰਗੀਤ ਦੇ ਰਾਖੇ—ਸ੍ਰੀ ਗੁਰੂ ਗੋਬਿੰਦ ਸਿੰਘ ਜੀ
—ਕਰਤਾਰ ਸਿੰਘ ਨੀਲਧਾਰੀ --------- ੨੫
ਜਨਕ-ਨੰਦਨੀ —ਸਾਧੂ ਸਿੰਘ ਕਿਸਾਨ -------- ੨੯
ਜੇਕਰ ਰੱਬ ਨਾ ਪੇਟ ਲਗਾਉਂਦਾ ਜੀ
—ਬਲਦੇਵ ਮਾਧੋਪੁਰੀ -------------- ੩੩
ਨੋਕਝੋਕ ਬਿੰਨਾ ਜਿੰਦਰ ਘੁਗਿਆਣਵੀ
—ਸਤਨਾਮ ਸਿੰਘ ਔਜਲਾ ------------ ੩੫
ਆਖਰੀ ਸਚ ! —ਡੀ ਆਰ. ਧਵਨ ---------- ੩੭
ਸਿਆਚਰ —ਡੀ ਆਰ. ਧਵਨ ---------- ੩੭
ਸਫ਼ਰਨਾਮਾ—————————— ੩੯
ਪ੍ਰਤੀਕਿਰਿਆ —————————— ੪੪



Namdhari Elibrary NamdhariElibrary@gmail.com

# TOP TRAK

**New Generation Bikes**

**with more than**

**50 models for All Ages**



**Partap Engineers**

H.O. : Bhagwan Chowk, Ludhiana-141 003, Tel. : 91-161-2540209, 2533276 Fax : 91-161-2533273

E-mail : gspartap @ glide.net.in, Website : www.partapexports.com

Works : g.T.Road, Jugiana, Ludhiana (Punjab), Ph. : 0161-2512373, 3243229





Namdhari Elibrary NamdhariElibrary@gmail.com

# ਸ਼ਹੀਦੀ ਗੁਰੂ ਤੇਗ ਬਹਾਦਰ

ਗੁਰੂ ਤੇਗ ਬਹਾਦਰ ਦੀ ਸ਼ਹੀਦੀ ਇਕ ਰਵਾਇਤੀ ਇਤਿਹਾਸਕ ਪ੍ਰਸੰਗ ਨਹੀਂ ਬਲਕਿ ਉਹਨਾਂ ਦੀ ਸ਼ਹਾਦਤ ਨੇ ਸੰਗਰਾਮਾਂ ਦੇ ਰਾਹ ਖੋਲ੍ਹੇ। ਦਿਲੀ ਦੇ ਚਾਂਦਨੀ ਚੌਕ ਵਿਚ ਉਹਨਾਂ ਦੇ ਲਾਲ ਖੂਨ ਨਾਲ ਲੱਥ ਪੱਥ ਹੋਈ ਮਿੱਟੀ ਵਿਚੋਂ ਇਕ ਬਹਾਦਰ, ਜੰਗਜੂ ਅਤੇ ਮਰਜੀਵੜੀ ਕੌਮ ਦਾ ਜਨਮ ਹੋਇਆ। ਮੌਤ ਦਾ ਭੈ ਨਾ ਰਖਣ ਦਾ ਜੇਹੜਾ ਗੁਰਬਾਣੀ ਵਿਚ ਬਾਰ ਬਾਰ ਜ਼ਿਕਰ ਆਉਂਦਾ ਹੈ, ਉਸ ਨੂੰ ਅਮਲੀ ਰੂਪ ਵਿਚ ਦੁਨੀਆਂ ਸਾਹਵੇਂ ਪੇਸ਼ ਕੀਤਾ। ਗੁਰੂ ਤੇਗ ਬਹਾਦਰ ਦੀ ਸ਼ਹਾਦਤ ਨੇ ਹਿੰਦ ਦੇ ਮੱਥੇ ਤੇ ਲਗੀਆਂ ਸਦੀਆਂ ਪੁਰਾਣੀਆਂ ਨਮੋਸ਼ੀਆਂ, ਜ਼ਿੱਲਤਾਂ, ਬੇਇਜ਼ਤੀਆਂ ਦੇ ਕੋਹੜ ਨੂੰ ਸਾਫ ਕਰਕੇ ਇਸ ਦੇ ਗੁਨਾਹਾਂ ਤੇ ਪਰਦਾ ਪਾਇਆ। ਇਸ ਸ਼ਹਾਦਤ ਨੇ ਪੁਰਾਣੀਆਂ ਕੌੜੀਆਂ ਯਾਦਾਂ ਨੂੰ ਲਥੇ ਦਿਤਾ। ਸੱਚਮੁਚ ਹੀ ਗੁਰੂ ਤੇਗ ਬਹਾਦਰ ਹਿੰਦ ਦੀ ਚਾਦਰ ਸਨ। ਉਹਨਾ ਇਸ ਦੇਸ਼ ਦੇ ਪਰਦੇ ਢੱਕੇ ਅਤੇ ਇਸ ਦੇਸ਼ ਦੀ ਦੱਬੀ ਤੇ ਪਿਸੀ ਜਨਤਾ ਨੂੰ ਗੌਰਵ ਅਤੇ ਸਵੈਮਾਨ ਬਖਸ਼ ਕੇ ਜ਼ੁਲਮ ਜਬਰ ਨਾਲ ਲੋਹਾ ਲੈਣ ਲਈ ਤਿਆਰ ਕਰ ਦਿਤਾ।

ਗੁਰੂ ਤੇਗ ਬਹਾਦਰ ਸਮੁਚੀ ਮਨੁਖਤਾ ਦਾ ਗੌਰਵ ਹਨ। ਉਹਨਾਂ ਕਿਸੇ ਖਾਸ ਫਿਰਕੇ ਜਾਂ ਧਰਮ ਵਾਸਤੇ ਸ਼ਹੀਦੀ ਨਹੀਂ ਦਿਤੀ ਸਗੋਂ ਸਮੁਚੀ ਮਾਨਵਤਾ ਦੇ ਬੰਦ ਖਲਾਸ ਵਾਸਤੇ ਇਹ ਮਹਾਨ ਬਲੀਦਾਨ ਕੀਤਾ। ਉਹਨਾਂ ਦਾ ਸਾਰਾ ਜੀਵਨ ਹੀ ਤਿਆਗ, ਵੈਰਾਗ ਪ੍ਰੇਮ ਅਤੇ ਸਾਂਝੀਵਾਲਤਾ ਦਾ ਉਪਦੇਸ਼ ਦਿੰਦਾ ਹੈ। ਉਹਨਾਂ ਦੇ ਮਨ ਵਿਚ ਕਿਸੇ ਪ੍ਰਤੀ ਵੀ ਵੈਰ ਵਿਰੋਧ ਦੀ ਭਾਵਨਾ ਨਹੀਂ ਸੀ। ਜਿਨਾਂ ਲੋਕਾਂ ਨੇ ਉਹਨਾਂ ਨਾਲ ਮੁੱਲ ਕੇ ਵੈਰ ਸਹੇੜਿਆ, ਜਿਨ੍ਹਾਂ ਨੇ ਉਹਨਾਂ ਤੇ ਮਾਰੂ ਹਮਲੇ ਕੀਤੇ, ਗੋਲੀਆਂ ਚਲਾਈਆਂ ਅਤੇ ਜਾਨੋਂ ਮਾਰਨ ਤੋਂ ਵੀ ਸੰਕੋਚ ਨਾ ਕੀਤਾ ਅਜੇਹੇ ਲੋਕਾਂ ਪ੍ਰਤੀ ਵੀ ਗੁਰੂ ਸਾਹਿਬ ਨੇ ਕਦੀ ਵੀ ਘਿਰਣਾ ਦਾ ਪ੍ਰਗਟਾਵਾ ਨਾ ਕੀਤਾ। ਇਸ ਦੇ ਵਿਪਰੀਤ ਮੱਖਣ ਸ਼ਾਹ ਲੁਬਾਣੇ ਨੇ ਜੋ ਸਮਾਨ ਬਾਬਾ ਧੀਰਮਲ ਦੇ ਡੇਰੇ ਵਿਚੋਂ ਵਾਪਸ ਖੋਹ ਕੇ ਲਿਆਂਦਾ ਉਸ ਨੂੰ ਵੀ ਵਾਪਸ ਕਰਵਾਇਆ। ਸਭ ਤੋਂ ਵਡੀ ਤਿਆਗ ਦੀ ਗਲ ਉਹਨਾਂ ਆਦਿ ਗ੍ਰੰਥ ਸਾਹਿਬ ਦੀ ਬੀੜ ਬਾਬਾ ਧੀਰਮਲ ਨੂੰ ਵਾਪਸ ਕਰ ਕੇ ਕੀਤੀ। ਗੁਰੂ ਅਰਜਨ ਦੇਵ ਜੀ ਨੇ ਗੁਰਬਾਣੀ ਦੀ ਬੀੜ ਤਿਆਰ ਕਰਕੇ ਉਸ ਨੂੰ ਅਥਾਹ ਸਤਿਕਾਰ ਦਿਤਾ ਅਤੇ ਸਿੱਖਾਂ ਨੂੰ ਇਸ ਇਲਾਹੀ ਬਾਣੀ ਅਗੇ ਸਿਰ ਝੁਕਾਉਣ, ਆਪਣੇ ਤੋਂ ਉਚੀ ਥਾਂ ਦੇਣ ਅਤੇ ਹਰ ਪ੍ਰਕਾਰ ਇਜ਼ਤ ਦੇਣ ਦਾ ਆਦੇਸ਼ ਦਿਤਾ। ਗੁਰੂ ਜੀ ਵਲੋਂ ਬੀੜ ਪ੍ਰਤੀ ਦਿਤੇ ਇਸੇ ਸਤਿਕਾਰ ਨੂੰ ਧੀਰਮਲ ਨੇ ਆਪਣੇ ਹਿਤਾਂ ਲਈ ਵਰਤਿਆ। ਚੂੰਕਿ ਇਹ ਪਵਿਤਰ ਬੀੜ ਉਸ ਦੇ ਕਬਜ਼ੇ ਵਿਚ ਸੀ, ਇਸ ਵਾਸਤੇ ਉਸਨੇ ਇਸੇ ਹੀ ਕਬਜ਼ੇ ਦੇ ਬਲ ਬੋਤੇ ਆਪਣੀ ਗੁਰਿਆਈ ਪਰਵਾਨ ਕਰਾਣੀ ਚਾਹੀ। ਗੁਰੂ ਤੇਗ ਬਹਾਦੁਰ ਜੀ ਦੇ ਸਿੱਖਾਂ ਦਾ ਅਤੇ ਮਾਤਾ ਨਾਨਕੀ ਤਕ ਦਾ ਵੀ ਇਹ ਹੀ ਖਿਆਲ ਸੀ ਕਿ ਜੇ ਬੀੜ ਉਹਨਾਂ ਕੋਲ ਰਹਿ ਗਈ ਤਾਂ ਇਹ ਗੁਰੂ ਜੀ ਦੀ ਗੁਰਆਈ ਦਾ ਪੱਕਾ ਅੱਕਟ ਪ੍ਰਮਾਣ ਹੋਵੇਗੀ ਅਤੇ ਕਾਰ ਭੇਟ ਆਉਣ ਦਾ ਸਾਧਨ ਬਣੇਗੀ ।

ਉਹ ਵਕਤ ਦੇ ਗੁਰੂ ਸਨ। ਇਸ ਲਈ ਬੀੜ ਆਪਣੇ ਕੋਲ ਰੱਖਣ ਵਿਚ ਹੱਕ ਬਜਾਨਬ ਸਨ। ਬੀੜ ਦਾ ਕੋਲ ਹੋਣਾ ਹੀ ਗੁਰਆਈ ਦਾ ਪ੍ਰਮਾਣ ਸਮਝਿਆ ਜਾਂਦਾ ਸੀ। ਬਾਬਾ ਧੀਰਮਲ ਇਸ ਗਲ ਨੂੰ ਵਰਤ ਵੀ ਰਿਹਾ ਸੀ । ਪਰ ਧੰਨ ਹਨ ਗੁਰੂ ਤੇਗ ਬਹਾਦਰ, ਜਿਨ੍ਹਾਂ ਨੇ ਬੀੜ ਵੀ ਧੀਰਮਲ ਨੂੰ ਵਾਪਸ ਕਰ ਦਿਤੀ । ਅੰਮ੍ਰਿਤਸਰ ਗੁਰਦੁਆਰੇ ਅੰਦਰ ਵੀ ਉਹਨਾਂ ਨੂੰ ਜਾਣ ਨਹੀਂ ਸੀ ਦਿਤਾ। ਸੋ ਗੁਰੂ ਤੇਗ ਬਹਾਦਰ ਦੀ ਗੁਰਿਆਈ ਦੇ ਸਮੇਂ ਨਾ ਉਹਨਾਂ ਕੋਲ ਆਪਣੇ ਪੂਰਵਜ ਬਜ਼ੁਰਗ ਗੁਰੂਆਂ ਦਾ ਕੋਈ ਸਥਾਨ ਸੀ ਅਤੇ ਨਾ ਹੀ ਬੀੜ ਅਤੇ ਨਾ ਹੀ ਗੁਰੂ ਤੇਗ ਬਹਾਦਰ ਜੀ ਨੇ ਇਹਨਾਂ ਦਾ ਆਸਰਾ ਲਿਆ। ਇਹ ਉਹਨਾਂ ਦੀ ਵਡਿੱਤਣ ਸੀ। ਉਹਨਾਂ ਨੇ ਸਮੁਚੇ ਦੇਸ਼ ਦਾ ਰਟਨ ਕੀਤਾ ਤਾਂ ਉਹਨਾਂ ਦੀ ਪ੍ਰਤਿਭਾ ਦਿਨੋਂ ਦਿਨ ਵਧੀ ਹੀ: ਉਹ ਜਿਥੇ ਜਿਥੇ ਗਏ ਉਹਨਾਂ ਦੀ ਚਰਨ ਛੁਹ ਨੇ ਥਾਂ ਥਾਂ ਨਵੇਂ ਗੁਰਦੁਆਰੇ ਸਥਾਪਤ ਕੀਤੇ ।

ਉਹਨਾਂ ਦੀ ਕ ;ਬਾਨੀ ਸਾਨੂੰ ਸਾਂਝੀਵਾਲਤਾ, ਏਕਤਾ, ਰਵਾਦਾਰੀ, ਪ੍ਰੇਮ, ਭਗਤੀ ਅਤੇ ਨਿਰਵੈਰਤਾ ਦਾ ਸੰਦੇਸ਼ ਦਿੰਦੀ ਹੈ। ਉਹਨਾਂ ਦੀ ਸ਼ਹਾਦਤ ਪੁਕਾਰ ਕੇ ਕਹਿ ਰਹੀ ਹੈ ਕਿ ਇਸ ਸੰਸਾਰ ਵਿਚ ਹਰ ਪੰਥ, ਧਰਮ, ਫਿਰਕੇ ਨੂੰ ਆਪਣੇ ਆਪਣੇ ਅਕੀਦੇ ਅਨੁਸਾਰ ਜੀਉਣ ਦਾ ਹੱਕ ਹੈ। ਉਹਨਾਂ ਦੇ ਸ਼ਹੀਦੀ ਗੁਰਪੁਰਬ ਮਨਾਉਣ ਦਾ ਸਭ ਤੋਂ ਵਧੀਆ ਢੰਗ ਹੈ ਉਹਨਾਂ ਦੇ ਆਦਰਸ਼ਾਂ ਦੀ ਪਾਲਣਾ ਕਰਨਾ।

*ਜਗਦੀਸ਼ ਸਿੰਘ ਵਰਿਆਮ*



Namdhari Elibrary NamdhariElibrary@gmail.com

# ਸੰਤ ਤਰਨ ਸਿੰਘ ਵਹਿਮੀ ਪੁਰਸਕਾਰ



ਸੰਤ ਤਰਨ ਸਿੰਘ ਵਹਿਮੀ ਜੀ ਦੀ ਸਿਮ੍ਰਤੀ ਵਿਚ ਹਰਿਆਣਾ ਸਰਕਾਰ ਨੇ ਇਕ ਸਾਹਿਤਕ ਪੁਰਸਕਾਰ ਦਾ ਐਲਾਨ ਕਰ ਕੇ ਬਹੁਤ ਸ਼ਲਾਘਾ ਯੋਗ ਉਦਮ ਕੀਤਾ ਹੈ।

ਸੰਤ ਤਰਨ ਸਿੰਘ ਵਹਿਮੀ ਇਕ ਕਮਾਲ ਦੀ ਹਸਤੀ ਹੋਏ ਹਨ। ਉਸ ਸਮੇਂ ਦੇ ਨਾਮਧਾਰੀ ਸਿੱਖਾਂ ਦੇ ਦਸਤੂਰ ਮੁਤਾਬਕ ਉਹਨਾਂ ਅੱਜ ਕਲ ਵਰਗੀ ਉਚੀ ਯੂਨੀਵਰਸਟੀ ਪੱਧਰ ਦੀ ਸਿੱਖਿਆ ਤਾਂ ਨਾ ਲਈ ਪਰ ਇਸ ਸਭ ਕੁਝ ਦੇ ਬਾਵਜੂਦ ਉਹਨਾਂ ਗਿਆਨ ਪ੍ਰਾਪਤੀ ਅਤੇ ਇਸ ਨੂੰ ਅਭਿਵਿਅਕਤ ਕਰਨ ਦੀ ਲਗਨ ਨਾਲ ਵੱਡੇ ਛੋਟੇ ਅਨੇਕਾਂ ਗ੍ਰੰਥਾਂ ਦੀ ਰਚਨਾ ਕੀਤੀ। ਅਪਣੀ ਹਿੰਮਤ ਨਾਲ ਨਿੱਜੀ ਤੌਰ ਤੇ ਜਾਣਕਾਰੀ ਇੱਕਤਰ ਕੀਤੀ ਅਤੇ ਫਿਰ ਗ੍ਰੰਥਾਂ ਦੀ ਸ਼ਕਲ ਦੇ ਕੇ ਆਪਣੇ ਖਰਚੇ ਤੇ ਛਪਵਾਇਆ। ਬਹੁਤ ਸਾਰੀਆਂ ਦਿਸਦੀਆਂ ਅਣਦਿਸਦੀਆਂ ਮੁਸ਼ਕਲਾਂ ਦੇ ਬਾਵਜੂਦ ਉਹ ਡਗਮਗਾਏ ਨਹੀਂ। ਉਹਨਾਂ ਦਾ ਇਹ ਹੌਸਲਾ ਇਹ ਸਾਬਤ ਕਦਮੀ ਲੇਖਕਾਂ ਵਾਸਤੇ ਪ੍ਰੇਰਣਾ ਦਾ ਸ੍ਰੋਤ ਹੈ।

ਉਹਨਾਂ ਦੇ ਪਰਿਵਾਰ/ ਸਯੋਗ ਸਪੁੱਤਰਾਂ ਨੇ ਆਪਣੇ ਮਹਾਨ ਪਿਤਾ ਦੀ ਪ੍ਰਤਿਭਾ ਨੂੰ ਪਛਾਣਿਆਂ ਵੀ ਅਤੇ ਇਸ ਨੂੰ ਲੋਕਾਂ ਸਾਹਮਣੇ ਪੇਸ਼ ਵੀ ਕੀਤਾ। ਵਹਿਮੀ ਜੀ ਤੋਂ ਵਰੋਸਾਈ ਨਾਮਧਾਰੀ ਪੰਜਾਬੀ ਸਾਹਿਤ ਸਭਾ ਸ੍ਰੀ ਜੀਵਨ ਨਗਰ ਦੇ ਸਹਿਯੋਗ ਨਾਲ ਵਹਿਮੀ ਜੀ ਦੀ ਯਾਦ ਵਿਚ ਅਨੇਕਾਂ ਸਮਾਗਮ ਕੀਤੇ ਅਤੇ ਤਰਨ ਸਿੰਘ ਵਹਿਮੀ ਯਾਦਗਾਰੀ ਸਾਹਿਤਕ ਸਨਮਾਨ ਵੀ ਸਥਾਪਤ ਕੀਤਾ। ਸਾਨੂੰ ਯਾਦ ਹੈ ਕਿ ਸੰਨ ੧੯੯੦ ਦੇ ਨਵੰਬਰ ਵਿਚ ਪਹਿਲਾ ਸਨਮਾਨ ਉਹਨਾਂ ਜਗਦੀਸ਼ ਸਿੰਘ ਵਰਿਆਮ ਨੂੰ ਦੇ ਕੇ ਪੰਦਰਾਂ ਸਾਲਾਂ ਦੇ ਵਰਿਆਮ ਨੂੰ ਹੋਰ ਲੰਬਾ ਸਮਾਂ ਜਾਰੀ ਰੱਖਣ ਲਈ ਉਤਸਾਹਤ ਕੀਤਾ ਅਤੇ ਅੱਜ ਵਰਿਆਮ ਉਸ ਤੋਂ ਦੂਣੀ ਉਮਰ ਨੂੰ ਵੀ ਪਾਰ ਕਰ ਗਿਆ ਹੈ।

ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ, ਸੰਤ ਤਰਨ ਸਿੰਘ ਵਹਿਮੀ ਅਤੇ ਉਹਨਾਂ ਦੇ ਪਰਿਵਾਰ ਪ੍ਰਤੀ ਸਦਾ ਮਿਹਰਬਾਨ ਰਹੇ ਹਨ। ਵਰਿਆਮ ਵਿਚ ਛਪਦੇ ਕਈ ਲੇਖ ਇਸ ਗੱਲ ਤੇ ਰੋਸ਼ਨੀ ਪਾਉਂਦੇ ਹਨ। ਵਹਿਮੀ ਜੀ ਦੀਆਂ ਅਣਛਪੀਆਂ ਪੁਸਤਕਾਂ ਛਪਵਾਉਣ ਵਹਿਮੀ ਯਾਦਗਾਰੀ ਸਾਹਿਤਕ ਸਮਾਗਮ ਅਤੇ ਪੁਰਸਕਾਰ ਵਿਤਰਨ ਸਮਾਰੋਹਾਂ ਨੂੰ ਵੀ ਸਤਿਗੁਰੂ ਜੀ ਨੇ ਸਦਾ ਆਸ਼ੀਰਵਾਦ ਦਿਤਾ ਹੈ।

ਅਤੇ ਹੁਣ ਜਦੋਂ ਹਰਿਆਣਾ ਸਰਕਾਰ ਨੇ ਹਰਿਆਣਾ ਪੰਜਾਬੀ ਅਕੈਡਮੀ ਦੀ ਅਗਵਾਈ ਵਿਚ ਵਹਿਮੀ ਜੀ ਦੀ ਯਾਦ ਵਿਚ ਸਾਲਾਨਾ ਪੁਰਸਕਾਰ ਇਕਵੰਜਾ ਹਜ਼ਾਰ ਰੁਪਏ ਦੀ ਰਾਸ਼ੀ ਵਾਲਾ ਸਥਾਪਤ ਕੀਤਾ ਹੈ ਤਾਂ ਇਸ ਤੋਂ ਇਹ ਸਾਬਤ ਹੁੰਦਾ ਹੈ ਕਿ ਹਰਿਆਣਾ ਸਰਕਾਰ ਪੰਜਾਬੀ ਸਾਹਿਤ ਦੇ ਕਾਮਿਆਂ ਨੂੰ ਪਛਾਣਦੀ ਵੀ ਹੈ ਅਤੇ ਸਤਿਕਾਰਦੀ ਵੀ ਹੈ। ਇਸ ਨਾਲ ਹਰਿਆਣਾ ਦੇ ਪੰਜਾਬੀ ਸਾਹਿਤਕਾਰਾਂ ਨੂੰ ਹੋਰ ਉਤਸਾਹ ਅਤੇ ਬਲ ਮਿਲੇਗਾ। ਇਹ ਕਦਮ ਬਹੁਤ-ਬਹੁਤ ਪਰਸੰਸਾ ਅਤੇ ਸੁਆਗਤ ਦੇ ਯੋਗ ਹੈ। ਹਰਿਆਣਾ ਸਰਕਾਰ, ਹਰਿਆਣਾ ਪੰਜਾਬੀ ਅਕਾਦਮੀ ਅਤੇ ਵਹਿਮੀ ਪਰਵਾਰ ਵਧਾਈ ਦੇ ਪਾਤਰ ਹਨ।

—ਜਗਦੀਸ਼ ਸਿੰਘ ਵਰਿਆਮ



Namdhari Elibrary NamdhariElibrary@gmail.com

## ਸੰਪਾਦਕੀ

# ਕਹਾਣੀ ਕ੍ਰਿਕਟ ਦੀ

ਇਹਨਾਂ ਸਤਰਾਂ ਦੇ ਲਿਖੇ ਜਾਣ ਵੇਲੇ ਤਕ ਦੇਸ਼ ਦੇ ਸੰਚਾਰ ਸਾਧਨਾਂ ਟੀ.ਵੀ. ਕੇਬਲ ਚੈਨਲਾਂ ਅਤੇ ਅਖ਼ਬਾਰਾਂ ਵਿਚ ਕ੍ਰਿਕਿਟ ਦਾ ਬਹੁਤ ਚਰਚਾ ਹੈ। ਦਖਣੀ ਅਫਰੀਕਾ ਵਿਚ ਇਕ ਮੈਚ ਮੀਂਹ ਨੇ ਧੋ ਦਿੱਤਾ ਅਤੇ ਇਕ ਵਿਚ ਭਾਰਤ ਹਾਰ ਗਿਆ। ਬਸ ਇਹ ਹੀ ਇਕ ਮਸਲਾ ਹੈ ਜਿਸ ਦੀ ਫਿਕਰ ਮੰਦੀ ਸਭ ਪਾਸੇ ਹੈ। ਇਥੋਂ ਤੱਕ ਕਿ ਭਾਰਤ ਦੀ ਪਾਰਲੀਮੈਂਟ ਵਿਚ ਵੀ ਇਹਦਾ ਚਰਚਾ ਹੋਇਆ। ਵੱਖ-ਵੱਖ ਪਾਰਲੀਮੈਂਟ ਮੈਂਬਰ ਕੇਬਲ ਚੈਨਲਾਂ ਤੇ ਆ ਕੇ ਬਿਆਨ ਦੇ ਰਹੇ ਹਨ ਜਿਸ ਵਿਚ ਆਪਣੀ ਸਿਆਸਤ ਵੀ ਖੇਡ ਰਹੇ ਹਨ। ਜਿਹੜੇ ਲੋਕ ਦੇਸ਼ ਦੇ ਅਨਗਿਣਤ ਮਸਲਿਆਂ ਤੇ ਇਕ ਸ਼ਬਦ ਵੀ ਨਹੀਂ ਬੋਲਦੇ ਰਹੇ ਉਹ ਇਕ ਕ੍ਰਿਕਿਟ ਮੈਚ ਹਾਰਨ ਤੇ ਹਾਏ ਤੋਬਾ ਮਚਾ ਰਹੇ ਹਨ। ਮਚਾਉਣ ਵੀ ਕਿਉਂ ਨਾ ਇਸ ਖੇਡ ਵਿਚ ਬਹੁਤ ਸਰਮਾਇਆ ਲਗਾ ਹੈ ਅਤੇ ਇਹਦੇ ਵਿਚੋਂ ਪੈਦਾ ਵੀ ਬਹੁਤ ਹੁੰਦਾ ਹੈ। ਕਰੋੜਾਂ ਤੋਂ ਉਪਰ ਨੂੰ ਜਾ ਰਿਹਾ ਸਰਮਾਇਆ ਹੈ ਜਾਂ ਇੰਜ ਕਹਿ ਲਵੋ ਇਹ,ਇਹ ਸਾਰੀ ਖੇਡ ਹੀ ਪੈਸੇ ਦੀ ਹੈ। ਜਦੋਂ ਤਾਂ ਮੈਚ ਹੁੰਦਾ ਹੈ ਉਹ ਤਾਂ ਸਭ ਦੇ ਸਾਹਮਣੇ ਆਉਣ ਹੀ ਹੋਇਆ ਪਰ ਇਸ ਦੇ ਅਗੋਂ ਪਿਛੋਂ ਵੀ ਟੀ.ਵੀ. ਤੇ ਬਾਂ ਬਾਂ ਹੁੰਦੀ ਰਹਿੰਦੀ ਹੈ। ਮੈਦਾਨ ਵਿਚ ਤਾਂ ਤੇਰਾਂ ਜੁਆਨ ਹੀ ਖੇਡ ਰਹੇ ਹੁੰਦੇ ਹਨ ਪਰ ਇਸ ਖੇਡ ਦੀ ਵਿਆਖਿਆ ਕਰਨ ਕਰਾਉਣ ਵਾਲੇ ਅਪਣੀ ਝੋਲੀਆਂ ਭਰਦੇ ਰਹਿੰਦੇ ਹਨ। ਜੇ ਸ਼ਬਦਾਂ ਦੇ ਜ਼ੋਰ ਨਾਲ ਕੋਈ ਖੇਡ ਜਿਤੀ ਜਾ ਸਕਦੀ ਹੁੰਦੀ ਤਾਂ ਸ਼ਾਇਦ ਹੀ ਭਾਰਤ ਨੂੰ ਕਦੇ ਹਾਰ ਨਾ ਹੁੰਦੀ। ਪਰ ਖੇਡ ਤਾਂ ਖੇਡਣੀ ਹੁੰਦੀ ਹੈ। ਇਸ ਵਿਚ ਜਿਤ ਵੀ ਹੁੰਦੀ ਹੈ ਹਾਰ ਵੀ। ਸਾਡੇ ਮੀਡੀਆ ਦੀ ਪਹੁੰਚ ਵੇਖੋ— ਅਜੇ ਕੁਝ ਦਿਨ ਪਹਿਲਾਂ ਇਥੇ ਚੈਂਪੀਅਨ ਟਰਾਫੀ ਦੇ ਮੈਚ ਹੋਏ। ਫਾਈਨਲ ਮੈਚ ਅਸਟਰੇਲੀਆ ਨੇ ਮੁੰਬਈ ਵਿਚ ਜਿਤਿਆ। ਜਦੋਂ ਜੇਤੂ ਕੱਪ ਜੇਤੂ ਟੀਮ ਨੂੰ ਮਿਲਿਆ ਤਾਂ ਮੁੰਡਿਆਂ ਨੇ ਜਿਤ ਦੀ ਖੁਸ਼ੀ ਵਿਚ ਫੋਟੋਆਂ ਖਿਚਵਾਈਆਂ। ਇਸ ਜੋਸ਼ ਵਿਚ ਭਾਰਤ ਦੇ ਮੰਤਰੀ ਅਤੇ ਭਾਰਤੀ ਕ੍ਰਿਕਿਟ ਬੋਰਡ ਦੇ ਪ੍ਰਧਾਨ ਸ੍ਰੀ ਸ਼ਰਦ ਪਵਾਰ ਨੂੰ ਖਿਡਾਰੀ ਦਾ ਹੱਥ ਲਗ ਗਿਆ, ਜਿਵੇਂ ਫੋਟੋ ਖਿਚਵਾਉਣ ਦੀ ਕਾਹਲ ਵਿਚ ਓਹਨਾਂ ਪਵਾਰ ਸਾਹਿਬ ਨੂੰ ਜ਼ਰਾ ਪਰ੍ਹਾਂ ਕੀਤਾ ਹੋਵੇ। ਇਸ ਗੱਲ ਦਾ ਬਹੁਤ ਬਵਾਲ ਖੜਾ ਹੋ ਗਿਆ ਅਤੇ ਅਸਟ੍ਰੇਲੀਆ ਦੇ ਕਪਤਾਨ ਵਲੋਂ ਮੁਆਫੀ ਮੰਗਣ ਦੀ ਗੱਲ ਤੱਕ ਵੀ ਹੋਈ। ਇਹ ਭਾਰਤ ਹੈ, ਇਥੇ ਨਿਕੀ ਨਿਕੀ ਗੱਲ ਦਾ ਵੀ ਛਿੰਦ ਪੈ ਜਾਂਦਾ ਹੈ।

ਬੜੀ ਸ਼ਾਨ ਨਾਲ ਅਸਟਰੇਲੀਆ ਦੇ ਸਾਬਕਾ ਕਪਤਾਨ ਗਰੇਗ ਚੈਪਲ ਨੂੰ ਭਾਰਤੀ ਟੀਮ ਦਾ ਕੋਚ ਬਣਾਇਆ ਗਿਆ। ਉਸ ਦੇ ਥੱਲੇ ਟੀਮ ਚੰਗਾ ਪ੍ਰਦਰਸ਼ਨ ਕਰਦੀ ਰਹੀ ਤੇ ਸਭ ਪਾਸੇ ਬੱਲੇ ਬੱਲੇ ਹੁੰਦੀ ਰਹੀ ਹੈ। ਹੁਣ ਜਦੋਂ ਇਕ ਮੈਚ ਟੀਮ ਹਾਰ ਗਈ ਤਾਂ ਬੱਲੇ ਬੱਲੇ ਦੀ ਥਾਂ ਥੱਲੇ-ਥੱਲੇ ਸ਼ੁਰੂ ਹੋ ਗਈ ਹੈ। ਇਹ ਠੀਕ ਗੱਲ ਹੈ ਕਿ ਇਸ ਖੇਡ ਵਿੱਚ ਪੈਸਾ ਬਹੁ= ਹ ਅਤੇ ਖਿਡਾਰੀਆਂ ਦੇ ਵੀ ਰਾਜਿਆਂ ਵਰਗੇ ਠਾਠ ਬਾਠ ਹਨ ਪਰ ਇਹ ਵੀ ਸੱਚ ਹੈ ਕਿ ਦੇਸ਼ ਪੈਸੇ ਦੀ ਬਹੁਤਾਤ ਨੇ ਓਹਨਾਂ ਦੇ ਲਾਲਚ ਨੂੰ ਵੀ ਵਧਾਇਆ ਹੈ ਅਤੇ ਇਸ਼ਤਿਹਾਰਾਂ ਰਾਹੀਂ ਗਲੈਮਰ/ਚਮਕ ਦਮਕ ਰਾਹੀਂ ਹੋਰ ਪੈਸਾ ਅਨਗਿਣਤ ਮਾਇਆ ਇਕਠੀ ਕਰਨ ਦੀ ਉਹਨਾਂ ਦੀ ਲਾਲਸਾ ਵੀ ਵਧੀ ਹੈ। ਇਸ ਵਿਚ ਮਾਇਆਧਾਰੀ ਵੱਡੀਆਂ-ਵੱਡੀਆਂ ਕੰਪਣੀਆਂ ਅਤੇ ਟੀ.ਵੀ. ਚੈਨਲਾਂ ਦਾ ਵੀ ਹੱਥ ਹੈ। ਜਦੋਂ ਸਾਰੇ ਮਾਇਆ, ਦੀ ਦੌੜ ਵਿਚ ਲੱਗੇ ਹਨ ਤਾਂ ਖਿਡਾਰੀ ਵੀ ਪਿਛੇ ਕਿਉਂ ਰਹਿਣ। ਪਰ ਇਸ ਦੌੜ ਵਿਚ ਤਾਂ ਦੂਜੇ ਦੇਸ਼ਾਂ ਦੇ ਖਿਡਾਰੀ ਵੀ ਲਗੇ ਹੋਏ ਹਨ। ਹਾਂ ਇਕ ਗੱਲ ਜ਼ਰੂਰ ਹੈ ਕਿ ਜਦੋਂ ਕੋਈ ਟੀਮ ਜਿਤਦੀ ਹੈ ਤਾ ਉਸ ਪਿਛੇ ਬਹੁਤ ਸਾਰੇ ਲੋਕਾਂ ਨੂੰ ਅਪਣੇ-ਅਪਣੇ ਢੰਗ ਨਾਲ ਲਾਭ ਹੁੰਦਾ ਹੈ। ਤੇ ਇਹ ਰੌਲਾ ਬਹੁਤਾ ਉਸੇ ਹੀ ਲਾਭ ਵਾਸਤੇ ਹੈ।

ਵੈਸੇ ਹਾਲਾਤ ਦੀ ਸਿਤਮ ਜ਼ਰੀਫ਼ੀ ਵੇਖੋ ਜਦੋਂ ਭਾਰਤ ਕ੍ਰਿਕਿਟ ਵਿਚ ਅਸਟਰੇਲੀਆ ਹਥੋਂ ਹਾਰ ਰਿਹਾ ਸੀ ਉਹ ਸਮੇਂ ਦੇਸ਼ ਦਾ ਇਕ ਹੋਰ ਮੁੰਡਾ ਵੱਖਰੀ ਖੇਡ ਵਿਚ ਬਹੁਤ ਨਾਂਅ ਕਮਾ ਗਿਆ। ਮਸ਼ਹੂਰ ਦੌੜਾਕ ਮਿਲਖਾ ਸਿੰਘ ਦਾ ਸਪੁੱਤਰ ਚਿਰੰਜੀਵ ਮਿਲਖਾ ਸਿੰਘ ਨੇ ਸਪੇਨ ਯੂਰਪ ਵਿਚ ਗੋਲਫ ਖੇਡ ਵਿਚ ਬਹੁਤ ਮਾਅਰਕੇ ਦੀ ਜਿਤ ਵਿਚ ਤਿਨ ਕਰੋੜ ਅਸੀਂ ਲੱਖ ਰੁਪਏ ਦਾ ਵੱਡਾ ਇਨਾਮ ਜਿਤਿਆ। ਅਖ਼ਬਾਰਾਂ ਵਿਚ ਸਾਧਾਰਨ ਖ਼ਬਰ ਤੋਂ ਇਲਾਵਾ ਕਿਸੇ ਚੈਨਲ ਵਿਚ ਵਿਸ਼ੇਸ਼ ਜ਼ਿਕਰ ਨਹੀਂ ਹੋਇਆ। ਪੰਜਾਬ ਨੇ ਫੁੱਟਬਾਲ ਵਿਚ ਸਾਰੇ ਦੇਸ਼ ਨੂੰ ਜਿੱਤ ਕੇ ਸੰਤੋਸ਼ ਟਰਾਫੀ ਤੇ ਕਬਜ਼ਾ ਕੀਤਾ ਪਰ ਇਸ ਦਾ ਚਰਚਾ ਵੀ ਨਾ ਦੇ ਬਰਾਬਰ ਰਿਹਾ। ਕ੍ਰਿਕਿਟ ਦੇ ਇਕ ਮੈਚ ਹਾਰਨ ਤੇ ਹਾਲ ਪਾਅਰਿਆ ਪਈ ਹੈ। ਇਸ ਦੇਸ਼ ਦਾ ਯਾਰੋ ਕੀ ਬਣੂ ਗਾ। ਕਿਥੇ ਜਾਣਗੀਆਂ ਦੂਜੀਆਂ ਖੇਡਾਂ, ਹਾਕੀ ਜਾਂ ਫੁੱਟਬਾਲ, ਸਾਰਾ ਪੈਸਾ ਤਾਂ ਕ੍ਰਿਕਿਟ ਖਾ ਗਈ ਹੈ।

*—ਜਗਦੀਸ਼ ਸਿੰਘ ਵਰਿਆਮ*



Namdhari Elibrary NamdhariElibrary@gmail.com

# ਭਾਰਤੀ ਲੋਕ ਸੱਦਾਮ ਹੁਸੈਨ ਨੂੰ ਮੌਤ ਦੀ ਸਜ਼ਾ ਦੇਣਾ ਠੀਕ ਨਹੀਂ ਸਮਝਦੇ

*—ਮਨੋਰਮਾ ਦੀਵਾਨ*

ਸੱਦਾਮ ਹੁਸੈਨ ਨੂੰ ਮੌਤ ਦੀ ਸਜ਼ਾ ਸੁਣਾਏ ਜਾਣ ਤੋਂ ਬਾਅਦ ਭਾਰਤ ਵਿੱਚ ਉਸ ਦੀ ਜੋ ਪ੍ਰਤੀਕਿਰਿਆ ਹੋਈ, ਉਹ ਬਹੁਤ ਸਾਰੇ ਪ੍ਰਸ਼ਨ-ਚਿੰਨ੍ਹਾਂ ਵਿੱਚ ਘਿਰੀ ਹੋਈ ਹੈ। ਮਾਰਕਸਵਾਦੀ ਕਮਿਊਨਿਸਟ ਪਾਰਟੀ ਦੇ ਜਨਰਲ ਸਕੱਤਰ ਪ੍ਰਕਾਸ਼ ਕਰਤ ਨੇ ਤਾਂ ਸਖ਼ਤ ਅਤੇ ਸਪੱਸ਼ਟ ਸ਼ਬਦਾਂ ਵਿੱਚ ਇਸ ਫ਼ੈਸਲੇ ਦੀ ਨਿਖੇਧੀ ਕੀਤੀ। ਉਹਨਾਂ ਨੇ ਸੱਦਾਮ ਹੁਸੈਨ ਉੱਤੇ ਮੁਕੱਦਮਾ ਚਲਾਉਣ ਵਾਲੀ ਅਦਾਲਤ ਨੂੰ ਹੀ ਗਲਤ ਠਹਿਰਾ ਕੇ ਉਸ ਦੇ ਫ਼ੈਸਲੇ ਦੀ ਆਲੋਚਨਾ ਕੀਤੀ। ਇਸੇ ਤਰ੍ਹਾਂ ਭਾਰਤੀ ਕਮਿਊਨਿਸਟ ਪਾਰਟੀ ਨੇ ਵੀ ਇਸ ਫ਼ੈਸਲੇ ਦੀ ਆਲੋਚਨਾ ਕੀਤੀ। ਮੁਲਾਇਮ ਸਿੰਘ ਯਾਦਵ ਦੀ ਅਗਵਾਈ ਵਾਲੀ ਸਮਾਜਵਾਦੀ ਪਾਰਟੀ ਵੀ ਆਲੋਚਨਾ ਕਰਨ ਵਿੱਚ ਪਿੱਛੇ ਨਹੀਂ ਰਹੀ।

ਕਾਂਗਰਸ ਪਾਰਟੀ ਨੇ ਜੋ ਦ੍ਰਿਸ਼ਟੀਕੋਣ ਅਪਣਾਇਆ, ਉਹ ਲਾਜ਼ਮੀ ਹੀ ਸਰਕਾਰੀ ਪ੍ਰਤੀਕਿਰਿਆ ਤੋਂ ਕੁਝ ਵੱਖਰੀ ਤਰ੍ਹਾਂ ਦਾ ਸੀ। ਵਦੇਸ਼ ਮੰਤਰੀ ਪ੍ਰਣਬ ਮੁਕਰਜੀ ਨੇ ਤਾਂ ਆਪਣੇ ਬਿਆਨ ਵਿੱਚ ਕਿਹਾ ਕਿ ਭਾਰਤ ਇਹ ਆਸ ਕਰਦਾ ਹੈ ਕਿ ਇਸ ਫ਼ੈਸਲੇ ਨਾਲ ਇਰਾਕ ਦੇ ਲੋਕਾਂ ਦੀਆਂ ਪ੍ਰੇਸ਼ਾਨੀਆਂ ਅਤੇ ਸਮੱਸਿਆਵਾਂ ਵਿੱਚ ਵਾਧਾ ਨਾ ਹੋਵੇ। ਇਹ ਪ੍ਰਤੀਕਿਰਿਆ ਬਹੁਤ ਸੋਚ ਸਮਝ ਕੇ ਕੂਟਨੀਤਕ ਭਾਸ਼ਾ ਵਿੱਚ ਪ੍ਰਗਟ ਕੀਤੀ ਗਈ ਸੀ।

ਜਦੋਂ ਮੈਂ ਵੱਖ-ਵੱਖ ਖੇਤਰਾਂ ਅਤੇ ਕਿੱਤਿਆਂ ਨਾਲ ਸੰਬੰਧਤ ਲੋਕਾਂ ਦੀ ਸੱਦਾਮ ਹੁਸੈਨ ਨੂੰ ਸੁਣਾਈ ਗਈ ਮੌਤ ਦੀ ਸਜ਼ਾ ਬਾਰੇ ਪ੍ਰਤੀਕਿਰਿਆ ਜਾਣਨੀ ਚਾਹੀ ਤਾਂ ਪੰਜੀ ਵਿਅਕਤੀਆਂ ਵਿੱਚੋਂ ਬਾਈ ਨੇ ਇਸ ਫ਼ੈਸਲੇ ਨੂੰ ਲੈ ਕੇ ਅਮਰੀਕਾ ਦੀ ਸਖ਼ਤ ਆਲੋਚਨਾ ਕੀਤੀ। ਉਹਨਾਂ ਦੇ ਵਿਚਾਰ ਵਿੱਚ ਭਾਰਤ ਨੂੰ ਸੱਦਾਮ ਹੁਸੈਨ ਨੂੰ ਮੌਤ ਦੀ ਸਜ਼ਾ ਦੇਣ ਵਾਲੇ ਟ੍ਰਿਬਿਊਨਲ ਦੀ ਕਾਇਮੀ ਸਮੇਂ ਹੀ ਸਖ਼ਤ ਸ਼ਬਦਾਂ ਵਿੱਚ ਆਲੋਚਨਾ ਕਰਨੀ ਚਾਹੀਦੀ ਸੀ। ਜਦੋਂ ਪਾਕਿਸਤਾਨ ਵਿੱਚ ਜ਼ੁਲਫ਼ਿਕਾਰ ਅਲੀ ਭੁੱਟੋ ਨੂੰ ਫ਼ਾਂਸੀ ਦੀ ਸਜ਼ਾ ਦਿੱਤੀ ਗਈ ਸੀ ਤਾਂ ਭਾਰਤ ਨੇ ਉਸ ਦੀ ਆਲੋਚਨਾ ਕੀਤੀ ਸੀ। ਫਿਰ ਭਾਰਤ ਨੇ ਸੱਦਾਮ ਹੁਸੈਨ ਨੂੰ ਮਿਲਣ ਵਾਲੀ ਮੌਤ ਦੀ ਸਜ਼ਾ ਦੀ ਆਲੋਚਨਾ ਕਿਉਂ ਨਹੀਂ ਕੀਤੀ?

ਇਸ ਸੁਆਲ ਦਾ ਜੁਆਬ ਜਾਣਨ ਲਈ ਮੈਂ ਕੁਝ ਸਰਕਾਰੀ ਅਫ਼ਸਰਾਂ ਨਾਲ ਗੱਲਬਾਤ ਕੀਤੀ। ਉਹਨਾਂ ਦਾ ਇਹੋ ਕਹਿਣਾ ਸੀ ਕਿ ਭਾਰਤ ਲਈ ਅਜਿਹਾ ਕਰਨਾ ਆਸਾਨ ਨਹੀਂ ਸੀ, ਕਿਉਂਕਿ ਸੱਦਾਮ ਹੁਸੈਨ ਨੂੰ ਮੌਤ ਦੀ ਸਜ਼ਾ ਦੇ ਕੇਸ ਦਾ ਮੁਕਾਬਲਾ ਜ਼ੁਲਫ਼ਿਕਾਰ ਅਲੀ ਭੁੱਟੋ ਨੂੰ ਫ਼ਾਂਸੀ ਦੇਣ ਵਾਲੇ ਮਾਮਲੇ ਨਾਲ ਨਹੀਂ ਕੀਤਾ ਜਾ ਸਕਦਾ। ਉਸ ਸਮੇਂ ਭਾਰਤ ਨੇ ਕੇਵਲ ਜਨਰਲ ਜ਼ਿਆ-ਉਲ-ਹੱਕ ਦਾ ਹੀ ਸਾਹਮਣਾ ਕਰਨਾ ਸੀ। ਪਰ ਸੱਦਾਮ ਹੁਸੈਨ ਦੇ ਕੇਸ ਵਿੱਚ ਭਾਰਤ ਨੇ ਸ਼ੀਆ ਭਾਈਚਾਰੇ, ਅਮਰੀਕਾ ਅਤੇ ਈਰਾਨ ਨੂੰ ਵੀ ਧਿਆਨ ਵਿੱਚ ਰੱਖਣਾ ਸੀ। ਈਰਾਨ ਇੱਕ ਸ਼ੀਆ ਮੁਸਲਿਮ ਦੇਸ ਹੋਣ ਦੇ ਨਾਤੇ ਸੱਦਾਮ ਹੁਸੈਨ ਤੋਂ ਇਸ ਗੱਲੋ ਸਖ਼ਤ ਨਾਰਾਜ਼ ਸੀ ਕਿ ਉਸ ਨੇ ਆਪਣੇ ਸ਼ਾਸਨ ਕਾਲ ਸਮੇਂ ਸ਼ੀਆ ਮੁਸਲਮਾਨਾਂ ਨਾਲ ਅਨਿਆਂ ਕੀਤਾ ਸੀ ਤੇ ਉਹਨਾਂ ਉੱਤੇ ਜ਼ੁਲਮ ਢਾਹੇ ਸਨ।

ਇਰਾਕ ਦੇ ਸੰਬੰਧ ਵਿੱਚ ਇਹ ਗੱਲ ਮਹੱਤਵਪੂਰਨ ਹੈ ਕਿ ਉੱਥੇ ਸ਼ੀਆ ਮੁਸਲਮਾਨਾਂ ਦੀ ਬਹੁ-ਗਿਣਤੀ ਹੈ। ਸ਼ੀਆ ਮੁਸਲਮਾਨਾਂ ਦੇ ਸਾਰੇ ਮਹੱਤਵਪੂਰਨ ਸਥਾਨ ਕਰਬਲਾ ਤੇ ਨਜਫ਼ ਇਰਾਕ ਵਿੱਚ ਹਨ, ਜਿਥੇ ਹਰ ਸਾਲ ਵੱਡੀ ਗਿਣਤੀ ਵਿੱਚ ਸ਼ੀਆ ਮੁਸਲਮਾਨ ਜ਼ਿਆਰਤ ਕਰਨ ਲਈ ਜਾਂਦੇ ਹਨ। ਭਾਰਤ ਤੋਂ ਵੀ ਸ਼ੀਆ ਮੁਸਲਮਾਨਾਂ ਦੀ ਵੱਡੀ ਗਿਣਤੀ ਨਜਫ਼ ਤੇ ਕਰਬਲਾ ਜਾਂਦੀ ਹੈ। ਪਰ ਸ਼ੀਆ ਲੋਕਾਂ ਦੀ ਬਹੁ-ਗਿਣਤੀ ਹੋਣ ਦੇ ਬਾਵਜੂਦ ਇਰਾਕ ਵਿੱਚ ਹਮੇਸ਼ਾ ਸੁੰਨੀ ਮੁਸਲਮਾਨਾਂ ਦਾ ਹੀ ਸ਼ਾਸਨ ਰਿਹਾ ਹੈ। ਸ਼ੀਆ ਅਤੇ ਸੁੰਨੀ ਮੁਸਲਮਾਨਾਂ ਦਾ ਬਹੁਤ ਵਧੀਆ ਤਾਲਮੇਲ ਰਿਹਾ ਹੈ। ਪਰ ਅਮਰੀਕਾ ਨੇ ਉਸ ਵਿੱਚ ਤਰੇੜਾਂ ਪਾ ਦਿੱਤੀਆਂ, ਤਾਂ ਕਿ ਇਰਾਕ ਨੂੰ ਕਮਜ਼ੋਰ ਕੀਤਾ ਜਾ ਸਕੇ ਅਤੇ ਉਸ ਦੀ ਵੰਡ ਹੋ ਸਕੇ।

ਇੱਕ ਹੋਰ ਮਹੱਤਵਪੂਰਨ ਸੁਆਲ ਜੋ ਸੱਦਾਮ ਹੁਸੈਨ ਨੂੰ ਮੌਤ ਦੀ ਸਜ਼ਾ ਦੇ ਫ਼ੈਸਲੇ ਨਾਲ ਜੁੜਿਆ ਹੋਇਆ ਹੈ, ਉਹ ਇਹ ਹੈ ਕਿ ਆਉਂਦੇ ਕੁਝ ਹਫ਼ਤਿਆਂ ਵਿੱਚ ਜਦੋਂ ਤੱਕ ਉਹਨਾਂ ਨੂੰ ਮੌਤ ਦੀ ਸਜ਼ਾ ਅਮਲ ਵਿੱਚ ਨਹੀਂ ਆ ਜਾਂਦੀ, ਸੱਦਾਮ ਹੁਸੈਨ ਕੀ ਕਰਨਗੇ? ਸੱਦਾਮ ਹੁਸੈਨ ਇਹ ਗੱਲ ਜਾਣਦੇ ਸਨ ਕਿ ਜਦੋਂ ਉਹ ਗ੍ਰਿਫ਼ਤਾਰ ਕਰ ਲਏ ਜਾਣਗੇ ਤਾਂ ਅਮਰੀਕਾ ਉਹਨਾਂ ਨੂੰ ਮੌਤ ਦੀ ਸਜ਼ਾ ਦੇ ਕੇ ਹੀ ਸਾਹ ਲਵੇਗਾ। ਉਹਨਾਂ ਦੀ ਪੱਧਰ ਦੇ ਮਹੱਤਵਪੂਰਨ ਨੇਤਾ ਇਤਿਹਾਸ ਦੇ ਪੰਨਿਆਂ



Namdhari Elibrary NamdhariElibrary@gmail.com

ਉੱਤੇ ਆਪਣਾ ਨਾਂਅ ਇੱਕ ਮਹਾਨ ਸ਼ਹੀਦ ਵਜੋਂ ਹੀ ਦਰਜ ਕਰਾਉਣਾ ਚਾਹੁਣਗੇ।

ਸੱਦਾਮ ਹੁਸੈਨ ਬਾਰੇ ਅਮਰੀਕਾ ਵੱਲੋਂ ਜਾਣ ਬੁੱਝ ਕੇ ਇਹ ਪ੍ਰਾਪੇਗੰਡਾ ਕੀਤਾ ਜਾ ਰਿਹਾ ਹੈ ਕਿ ਉਹ ਘੋੜਚੜਦਾ ਹੈ। ਕੁਝ ਸਮਾਂ ਪਹਿਲਾਂ ਇਹ ਵੀ ਕਿਹਾ ਜਾ ਰਿਹਾ ਸੀ ਕਿ ਉਹ ਮੁਆਫੀ ਮੰਗ ਲੈਣਗੇ। ਸੱਦਾਮ ਹੁਸੈਨ ਦੇ ਚਰਿਤਰ ਬਾਰੇ ਇਹੋ ਕਿਹਾ ਜਾ ਸਕਦਾ ਹੈ ਕਿ ਉਹ ਅੱਤਿਆਚਾਰੀ, ਸਦਾ ਆਪਣੀ ਪ੍ਰਸੰਸਾ ਸੁਣਨ ਦੇ ਆਦੀ ਡਿਕਟੇਟਰ ਸਨ। ਪਰ ਉਹਨਾਂ ਨੂੰ ਡਰਪੋਕ ਕਹਿਣਾ ਬਹੁਤ ਵੱਡੀ ਗਲਤੀ ਹੋਵੇਗੀ।

ਆਪਣੇ ਮੁਕੱਦਮੇ ਦੌਰਾਨ ਵੀ ਸੱਦਾਮ ਹੁਸੈਨ ਨੇ ਹਿੰਮਤ ਅਤੇ ਨਿਡਰਤਾ ਦਾ ਸਬੂਤ ਦਿੱਤਾ ਹੈ। ਜਦੋਂ ਉਹਨਾਂ ਨੂੰ ਮੌਤ ਦੀ ਸਜ਼ਾ ਸੁਣਾਉਂਦੇ ਹੋਏ ਜੱਜ ਨੇ ਖੜ੍ਹੇ ਹੋ ਜਾਣ ਲਈ ਕਿਹਾ ਤਾਂ ਉਹਨਾਂ ਨੇ ਸਾਫ਼ ਇਨਕਾਰ ਕਰ ਦਿੱਤਾ। ਉਨ੍ਹਾਂ ਨੇ ਅੱਲਾ ਦੀ ਮਹਾਨਤਾ ਅਤੇ ਇਰਾਕ ਤੇ ਇਰਾਕੀਆਂ ਦੀ ਮਹਾਨਤਾ ਦੇ ਨਾਹਰੇ ਲਾਏ। ਸੱਦਾਮ ਹੁਸੈਨ ਨੇ ਇਰਾਕ ਦੇ ਲੋਕਾਂ-ਸੁੰਨੀਆਂ, ਸ਼ੀਆ ਅਤੇ ਕੁਰਦਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੀ ਏਕਤਾ ਬਣਾਈ ਰੱਖਣ।

ਸੱਦਾਮ ਹੁਸੈਨ ਦਾ ਨਾਅ ਹਮੇਸ਼ਾ ਅਮਰ ਰਹੇਗਾ। ਅਮਰੀਕਾ ਉਹਨਾ ਨੂੰ ਫ਼ਾਂਸੀ ਦੇ ਕੇ ਜਾਂ ਗੋਲੀ ਮਾਰ ਕੇ ਖ਼ਤਮ ਕਰਨ ਵਿੱਚ ਤਾਂ ਸਫਲ ਹੋ ਜਾਵੇਗਾ, ਪਰ ਸੱਦਾਮਵਾਦ ਨੂੰ ਖ਼ਤਮ ਕਰਨਾ ਉਸ ਦੇ ਵੱਸ ਦੀ ਗੱਲ ਨਹੀਂ ਹੈ। ਸੱਦਾਮ ਹੁਸੈਨ ਦੀ ਮੌਤ ਤੋਂ ਬਾਅਦ ਇਰਾਕ ਵਿੱਚ ਅਮਰੀਕਾ ਦੀਆਂ ਪ੍ਰੇਸ਼ਾਨੀਆਂ ਘਟਣ ਦੀ ਥਾਂ ਵਧਣਗੀਆਂ ਹੀ।

*ਪ੍ਰੈਸ ਏਸ਼ੀਆ ਇੰਟਨੈਸ਼ਨਲ*

---

*ਵਿਸ਼ਵੀਕਰਨ ਦੇ ਸੰਦਰਭ ਵਿਚ*

# ਭਾਰਤ ਦੇ ਸਰਬ ਪੱਖੀ ਵਿਕਾਸ ਵਿਚ ਅੰਗਰੇਜ਼ੀ ਅਤੇ ਕੌਮੀ ਭਾਸ਼ਨਾਂ ਦਾ ਯੋਗਦਾਨ ਵਿਸ਼ੇ ਤੇ ਗੋਸ਼ਟੀ

ਵਿਸ਼ਵੀਕਰਨ ਦੀ ਪਰਕਿਰਿਆ ਅਧੀਨ, ਮੰਡੀ ਦੇ ਨੇਮਾ ਤੇ ਅਧਾਰਿਤ, ਉਸਰ ਰਿਹਾ ਨਵਾਂ ਆਰਥਕ ਵਰਤਾਰਾ ਜਿੱਥੇ ਵਿਕਾਸਸ਼ੀਲ ਦੇਸ਼ਾਂ ਸਾਹਮਣੇ ਉਨਤੀ ਦੀਆਂ ਨਵੀਆਂ ਸੰਭਾਵਨਾਵਾਂ ਪੇਸ਼ ਕਰਦਾ ਹੈ, ਉਥੇ ਨਾਲ ਹੀ ਅਮੀਰ ਅਤੇ ਗਰੀਬ ਵਿੱਚ ਦਿਨੋਂ ਦਿਨ ਤੇਜ਼ੀ ਨਾਲ ਵੱਧ ਰਿਹਾ ਪਾੜਾ ਚਿੰਤਾ ਦਾ ਵਿਸ਼ਾ ਵੀ ਬਣਦਾ ਜਾ ਰਿਹਾ ਹੈ। ਭਾਰਤ ਇੱਕ ਵਿਕਾਸਸ਼ੀਲ ਦੇਸ ਹੋਣ ਦੇ ਨਾਤੇ ਇਸ ਸਥਿਤੀ ਨਾਲ ਉਲਝ ਰਿਹਾ ਹੈ। ਇਸ ਉਲਝਣ ਦਾ ਟਾਕਰਾ ਕਰਨ ਲਈ ਕੌਮੀ ਪੱਧਰ ਤੇ ਵਿਉਂਤਬੱਧ ਢੰਗ ਨਾਲ ਨਵੀਆਂ ਨੀਤੀਆਂ ਅਤੇ ਯੋਜਨਾਵਾਂ ਤਿਆਰ ਕੀਤੀਆਂ ਜਾ ਰਹੀਆਂ ਹਨ।

ਅਜਿਹੀ ਸਥਿਤੀ ਵਿੱਚ ਸਿੱਖਿਆ ਦਾ ਖੇਤਰ ਇੱਕ ਮਹੱਤਵ ਪੂਰਨ ਖੇਤਰ ਹੋਣ ਦੇ ਨਾਤੇ ਸਾਡੇ ਨੀਤੀਵਾਨਾਂ ਦੇ ਪੂਰੇ ਧਿਆਨ ਦੀ ਮੰਗ ਕਰਦਾ ਹੈ। ਸਿੱਖਿਆ ਦੇ ਖੇਤਰ ਨਾਲ ਸਬੰਧਤ ਕੋਈ ਵੀ ਨੀਤੀ ਤਿਆਰ ਕਰਨ ਸਮੇਂ ਭਾਰਤ ਵਰਗੇ ਬਹੁ ਭਾਸ਼ਾਈ ਦੇਸ਼ ਵਿੱਚ ਭਾਸ਼ਾ ਨੀਤੀ ਅਤੇ ਭਾਸ਼ਾਈ ਵਿਉਂਤਬੰਦੀ ਵਲ ਪੂਰਾ ਪੂਰਾ ਧਿਆਨ ਦਿੱਤਾ ਜਾਣਾ ਬਣਦਾ ਹੈ। ਬਦਕਿਸਮਤੀ ਨਾਲ ਭਾਰਤ ਵਰਗੇ ਵਿਕਾਸਸ਼ੀਲ ਦੇਸ਼ ਵਿੱਚ ਨਾ ਤਾਂ ਕੋਈ ਨਿੱਗਰ ਸਿੱਖਿਆ ਨੀਤੀ ਹੀ ਨਜ਼ਰ ਆਉਂਦੀ ਹੈ ਅਤੇ ਨਾ ਹੀ ਕੋਈ ਸਥਾਈ ਭਾਸ਼ਾ ਨੀਤੀ। ਇਹੋ ਵਜ੍ਹਾ ਹੈ ਕਿ ਆਜ਼ਾਦ ਭਾਰਤ ਵਿੱਚ ਪਿਛਲੇ ਸਠਾਂ ਸਾਲਾਂ ਤੋਂ ਅਨਪੜਤਾ ਉੱਤੇ ਕਾਬੂ ਨਹੀਂ ਪਾਇਆ ਜਾ ਸਕਿਆ। ਇਸ ਅਸਫਲਤਾ ਦਾ ਇੱਕ ਮੁੱਖ ਕਾਰਨ ਢੇਥੀ ਭਾਸ਼ਾ ਨੀਤੀ ਦੀ ਹੋਂਦ ਹੈ।

ਆਜ਼ਾਦ ਭਾਰਤ ਵਿੱਚ ਇਲਾਕਾਈ ਭਾਸ਼ਾਵਾਂ ਦੇ ਆਧਾਰਤ ਸੂਬਿਆਂ ਦੇ ਗਠਨ ਤੋਂ ਬਾਦ ਤਿੰਨ ਭਾਸ਼ਾਈ ਫਾਰਮੂਲਾ ਲਾਗੂ ਕਰਨ ਦਾ ਫੈਸਲਾ,ਭਾਸ਼ਾ ਦੀ ਪੜ੍ਹਾਈ ਦੇ ਪੱਖ ਅਤੇ ਸਿੱਖਿਆ ਦੇ ਮਾਧਿਅਮ ਸਬੰਧੀ ਇੱਕ ਬਹੁਤ ਢੁੱਕਵਾਂ ਫੈਸਲਾ ਸੀ, ਜੋ ਕੁਝ ਕਾਰਨਾਂ ਕਰਕੇ ਸਿਰੇ ਨਹੀਂ ਚੜ੍ਹ ਸਕਿਆ। ਤਿੰਨ ਭਾਸ਼ਾਈ ਫਾਰਮੂਲੇ ਦੀ ਅਸਫਲਤਾ ਦੇ ਸਿੱਟੇ ਵਜੋਂ ਸਿੱਖਿਆ ਦੇ ਖੇਤਰ ਵਿੱਚ ਜੋ ਨੁਕਸਾਨ ਹੋਇਆ ਹੈ, ਉਸਦੇ ਕਾਰਨਾਂ ਤੇ ਰੋਸ਼ਨੀ ਪਾਉਣ ਲਈ ਅਤੇ ਲੋੜੀਂਦੇ ਹਲ ਲੱਭਣ ਲਈ ਗਹਿਰ ਗੰਭੀਰ ਵਿਚਾਰ-ਵਟਾਂਦਰੇ ਦੀ ਲੋੜ ਹੈ।

ਇਸ ਸਮੱਸਿਆ ਦੀ ਗੰਭੀਰਤਾ ਨੂੰ ਮੁੱਖ ਰੱਖਦਿਆਂ ਪੰਜਾਬੀ ਭਾਸ਼ਾ ਅਕਾਦਮੀ ਅਤੇ ਪੰਜਾਬ ਅਕੈਡਮੀ ਆਫ਼ ਸੋਸ਼ਲ ਸਾਇੰਸਜ਼, ਲਿਟਰੇਚਰ ਐਂਡ ਕਲਚਰ ਵੱਲੋਂ 'ਵਿਸ਼ਵੀਕਰਨ ਦੇ ਸੰਦਰਭ ਵਿਚ ਭਾਰਤ ਦੇ ਸਰਬਪੱਖੀ ਵਿਕਾਸ ਵਿਚ ਅੰਗਰੇਜ਼ੀ ਅਤੇ ਕੌਮੀ ਭਾਸ਼ਾਵਾਂ ਦਾ ਸੰਭਾਵਿਤ ਯੋਗਦਾਨ' ਵਿਸ਼ੇ 'ਤੇ ਮਿਤੀ ੨੬ ਨਵੰਬਰ, ਦਿਨ ਐਤਵਾਰ ਸਵੇਰੇ ੧੦.੩੦ ਵਜੇ ਪ੍ਰੈਸ ਕਲੱਬ (ਕੰਪਨੀ ਬਾਗ) ਜਲੰਧਰ ਵਿਖੇ ਇਕ ਗੋਸ਼ਟੀ ਆਯੋਜਿਤ ਕੀਤੀ ਜਾ ਰਹੀ ਹੈ ਜਿਸ ਵਿਚ ਡਾ. ਜੋਗਿੰਦਰ ਸਿੰਘ ਪੁਆਰ (ਸਾਬਕਾ ਵਾਈਸ ਚਾਂਸਲਰ, ਪੰਜਾਬੀ ਯੂਨੀਵਰਸਿਟੀ) ਅਤੇ ਡਾ. ਜੋਗਾ ਸਿੰਘ (ਮੁਖੀ, ਭਾਸ਼ਾ ਵਿਗਿਆਨ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ) ਚਰਚਾ ਦਾ ਆਰੰਭ ਕਰਨਗੇ।



Namdhari Elibrary NamdhariElibrary@gmail.com

# GEMCO

## BICYCLE PARTS







### GEMCO ENGINEERS

**76-R Industrial Area-B, Ludhiana-141003**
**Ph. : 0161-2543996, 2534096, 2543896**

### GEMCO INDUSTRIAL CORPN.

**63-R Industrial Area-B, Ludhiana-141003**
**Ph. : 0161-2531579, 2534096, 2543896**
**Fax : 91-161-2534096, GRAMS : GEMCO**

TÜV
AN ISO 9001-2000 co.

### GEMCO CYCLES

**G.T. Road, Dhandari Khurd, Ludhiana- 141010**
**Ph : 0161-2510679, 2511879, 2543896**
**Fax : 91-161-2511992. Email:gemco @ gemco cycle. com**
**Website : www.gemcocycle.com**



Namdhari Elibrary NamdhariElibrary@gmail.com

ਅੰਗਰੇਜ਼ੀ ਸਰਕਾਰ ਦੁਆਰਾ ਸਤਿਜੁਗ ਦੇ ਜ਼ਬਤਸ਼ੁਦਾ ਅੰਕ ਦੀ,

# 'ਚੱਕਰਵਰਤੀ' ਕ੍ਰਿਤ ਸਿਰਮੌਰ ਰਚਨਾ- 'ਅਪੂਰਵ ਬਲੀਦਾਨ'

*—ਸੁਵਰਨ ਸਿੰਘ ਵਿਰਕ*

ਸੰਤ ਇੰਦਰ ਸਿੰਘ ਚੱਕਰਵਰਤੀ (੧੯੦੨-੭੧ ਈ.) ਨਾਮਧਾਰੀ ਪੰਥ ਦੇ ਰੂਹਾਨੀ ਪੇਸ਼ਵਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ (੧੯੯੦-੧੯੫੯ ਈ.) ਦੇ ਸਮੇਂ ਵਿਚ ਨਾਮਧਾਰੀ ਦਰਬਾਰ ਦੇ ਮਹਾਂਮੰਤਰੀ ਵੀ ਰਹੇ ਸਨ ਅਤੇ ਇਸ ਦੇ ਬੁਲਾਰੇ ਹਫਤਾਵਾਰੀ ਸਤਿਜੁਗ ਪਰਚੇ ਦੇ ੧੯੨੪ ਈ. ੧੯੩੯ ਈ. ਤੱਕ ਅਤੇ ਫਿਰ ੧੯੪੩ ਈ. ਵਿਚ ਲੇਖਕ ਸੰਪਾਦਕ ਵੀ ਰਹੇ ਸਨ। ਸੰਤ ਜੀ ਜਿਥੇ ਇਕ ਸਫਲ ਇਤਿਹਾਸਕਾਰ, ਮਹਾਂਕਵੀ, ਨਾਟਕ ਲੇਖਕ, ਇਕਾਂਗੀ ਲੇਖਕ, ਨਾਵਲਕਾਰ, ਸਾਹਿਤਕ ਖੋਜੀ ਪੜਚੋਲੀਏ ਅਤੇ ਕਲਾਪਾਰਖੂ ਸਨ ਉਥੇ ਉਹ ਇਕ ਸਫਲ ਨਿਬੰਧਕਾਰ ਅਤੇ ਉਚ ਕੋਟੀ ਦੇ ਗੱਦਕਾਰ ਵੀ ਸਨ। ਸਤਿਜੁਗ ਦੀ ਸੰਪਾਦਕੀ ਦੇ ਮੁੱਢਲੇ ੧੬ ਵਰ੍ਹਿਆਂ ਵਿਚ ਉਨ੍ਹਾਂ ਹਫਤੇਵਾਰੀ ਸੰਪਾਦਕੀ ਟਿੱਪਣੀਆਂ ਪੰਥਕ ਸ਼ਾਕ ਬਾਰੇ ਸਮਾਚਾਰ ਲਿਖਣ ਤੋਂ ਇਲਾਵਾ, ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਪੁਰਬ ਮੌਕੇ, ਛਪਣ ਵਾਲੇ ਸਤਿਜੁਗ ਦੇ ਸਾਲਾਨਾ ਬਸੰਤ ਅੰਕਾਂ ਵਾਸਤੇ ਨਾਵਲਿਟ ਦੀ ਸ਼ੈਲੀ ਵਿਚ ਵਿਸ਼ੇਸ਼ ਲੇਖ ਲਿਖ ਕੇ ਜਿਥੇ ਬਸੰਤ ਅੰਕਾਂ ਨੂੰ ਰੌਚਕ ਬਣਾਇਆ ਉਥੇ ਨਾ ਸਿਰਫ ਨਾਮਧਾਰੀ ਭਾਈਚਾਰੇ ਸਗੋਂ ਹੋਰਨਾਂ ਪੰਜਾਬੀ ਸਾਹਿਤਕ ਹਲਕਿਆਂ ਵਿਚ ਵੀ ਆਪਣੀ ਨਿਬੰਧ ਸ਼ੈਲੀ ਦਾ ਲੋਹਾ ਮਨਵਾਇਆ। ਆਪਣੀ ਸੰਪਾਦਨਾ ਵਿਚ ਛਪਣ ਵਾਲੇ ਪਹਿਲੇ ਬਸੰਤ ਅੰਕ (੧੯੩੦ ਈ.) ਵਿਚ ਆਪਣਾ ਖੋਜ ਅਕਾਰੀ ਲੇਖ 'ਗੁਰ ਅਵਤਾਰ' ਪਹਿਲੀ ਵੇਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਚਰਿੱਤਰ ਅਤੇ ਸੰਖੇਪ ਨਾਮਧਾਰੀ ਇਤਿਹਾਸ ਨੂੰ ਪਾਠਕਾਂ ਤੱਕ ਪੁਚਾਉਣ ਦਾ ਇਕ ਜੁਗਤੀ ਪੂਰਨ ਸਫਲ ਉਪਰਾਲਾ ਸੀ। ਫਿਰ ਹਰ ਵਰ੍ਹੇ ਉਹ ਨਾਮਧਾਰੀ ਇਤਿਹਾਸ ਦੀ ਕਿਸੇ ਇਕ ਹਿਰਦੇ ਵੇਧਕ ਘਟਨਾ ਦੇ ਤਾਣੇ ਪੇਟੇ ਤੇ, ਆਪਣੀ, ਲੰਮੀ ਕਹਾਣੀ ਦੀ ਵਿਧਾ ਤੇ ਰਚੀ ਗਈ, ਕੋਈ ਇਕ ਜਾਂ ਇਕ ਤੋਂ ਵੱਧ ਮਹੱਤਵਪੂਰਨ ਰਚਨਾ ਪੇਸ਼ ਕਰਿਆ ਕਰਦੇ ਸਨ। ਸੰਮਤ ੧੯੯੨ ਬਿਕ੍ਰਮੀ ਦੇ ਮਾਘ ਮਹੀਨੇ ਮੁਤਾਬਿਕ ਜਨਵਰੀ ੧੯੩੬ ਈ. ਦੇ ਬਸੰਤ ਅੰਕ ਵਿਚ, ਜੋ ਉਸ ਸਮੇਂ ਕੂਕਾ ਕੇਂਦਰ ਸ੍ਰੀ ਭੈਣੀ ਸਾਹਿਬ ਤੋਂ ਛਪਿਆ ਕਰਦਾ ਸੀ, ਵਿਚ ਛਪੀ "ਅਪੂਰਵ-ਬਲੀਦਾਨ" ਦੇ ਸਿਰਲੇਖ ਹੇਠ ਇਕ ਅਦੁੱਤੀ ਰਚਨਾ ਨੂੰ, ਅਸੀਂ ਇਸ ਸ਼ੈਲੀ ਵਿਚ ਲਿਖੀਆਂ ਗਈਆਂ ਚੱਕਰਵਰਤੀ ਕ੍ਰਿਤ ਸਾਰੀਆਂ ਰਚਨਾਵਾਂ ਵਿਚੋਂ ਸਿਰਮੌਰ ਰਚਨਾ ਕਹਿ ਸਕਦੇ ਹਾਂ ਕਿਉਂ ਜੁ ਮਲੇਰਕੋਟਲੇ ਦੇ ਸ਼ਹੀਦੀ ਸਾਕੇ ਅਤੇ ਸ੍ਰੀ ਸਤਿਗੁਰੂ ਜੀ ਦੇ ਪ੍ਰਦੇਸ਼ ਗਵਨ ਸਬੰਧੀ ਇਸੇ ਲਿਖਤ ਦੀ ਪੇਸ਼ਕਾਰੀ ਅਤੇ ਕੌੜੇ ਸੱਚ ਨੂੰ ਅੰਗਰੇਜ਼ ਹਜ਼ਮ ਨਾ ਕਰ ਸਕੇ। ਉਨ੍ਹਾਂ ਨੇ ਪ੍ਰੈਸ ਉਤੇ ਛਾਪਾ ਮਾਰ ਕੇ ਸਤਿਜੁਗ ਦਾ ਅੰਕ ਜ਼ਬਤ ਕਰ ਲਿਆ।

ਕਿਉਂਕਿ ਉਪਰੋਕਤ ਜ਼ਬਤਸ਼ੁਦਾ ਅੰਕ ਦੀਆਂ ਪ੍ਰੈਸ ਵਿਚ ਪਈਆਂ ਕਾਪੀਆਂ ਤਾਂ ਅੰਗਰੇਜ਼ੀ ਸਰਕਾਰ ਨੇ ਨਸ਼ਟ ਕਰ ਦਿੱਤੀਆਂ ਸਨ ਸਾਡੇ ਤੱਕ ਇਹਦੀ ਰਸਾਈ ਹੋਣੀ ਅਸੰਭਵ ਸੀ। ਕਿਸੇ ਵਿਰਲੇ ਟਾਂਵੇਂ ਗੁਰਮੁਖ ਪਿਆਰੇ ਕੋਲ ਇਹ ਮੂਲ ਅੰਕ ਮੈਂ ਆਪਣੇ ਬਚਪਨ ਵਿਚ ਇਕ ਦੋ ਵੇਰ ਵੇਖਿਆ ਸੀ। ਇਹ ਤੇ ਸਤਿਜੁਗ ਦੇ ਤੱਤਕਾਲੀਨ ਸੰਪਾਦਕ ਸ੍ਰੀ ਰਜਿੰਦਰ ਸਿੰਘ ਗੁਰੂ ਸਰ ਨੂੰ ਇਹ ਫ਼ਖ਼ਰ ਹਾਸਿਲ ਹੈ ਕਿ ਉਨ੍ਹਾਂ ਨੇ ਮਾਘ ੨੦੧੦ ਬਿਕ੍ਰਮੀ, ਮੁਤਾਬਿਕ ਜਨਵਰੀ/ਫਰਵਰੀ ੧੯੫੪ ਈ. ਦੇ ਬਸੰਤ ਅੰਕ ਵਿਚ ਇਸ ਨੂੰ ਦੁਬਾਰਾ ਹੂ-ਬਹੂ ਛਾਪ ਦਿੱਤਾ ਸੀ ਅਤੇ ਹੁਣ ਜਦੋਂ ਸਤਿਜੁਗ ਦੀ ਪ੍ਰਕਾਸ਼ਨਾ ਦੇ ੯੦ ਵਰ੍ਹੇ ਪੂਰੇ ਹੋਏ ਤਾਂ ਲਹੌਰੋਂ ਤੁਰ ਕੇ ਵਾਇਆ ਸ੍ਰੀ ਭੈਣੀ ਸਾਹਿਬ, ਸ੍ਰੀ ਜੀਵਨ ਨਗਰ, ਦੇਸ਼ ਦੀ ਰਾਜਧਾਨੀ ਦਿੱਲੀ ਵਿਚ ਸਤਿਜੁਗ ਨੇ ਜਾ ਮੁਕਾਮ ਕੀਤਾ ਤਾਂ ਇਸ ਦੇ ਅਜੋਕੇ ਲੇਖਕ ਸੰਪਾਦਕ ਪ੍ਰੋਫੈਸਰ ਤਾਰਾ ਸਿੰਘ ਅਨਜਾਣ ਨੇ ੨੦੦੧ ਈ. ਵਿਚ ਛਪਣ ਵਾਲੇ ਵਿਸ਼ੇਸ਼ ਅੰਕ ਵਿਚ ਇਸ ਨੂੰ ਮੁੜ ਛਾਪ ਕੇ ਇਸ ਲਿਖਤ ਦੀ ਹਰਮਨਪਿਆਰਤਾ ਤੇ ਮੋਹਰ ਲਾ ਦਿੱਤੀ। ਇਸ ਇਤਿਹਾਸਕ ਰਚਨਾ ਦਾ ਮੁਲੰਕਣ ਕਰਨ ਲਈ ਅਸੀਂ ਅਨਜਾਣ ਹੋਰਾਂ ਵਾਲੀ ਛਾਪ ਨੂੰ ਹੀ ਆਧਾਰ ਬਣਾਇਆ ਹੈ।

ਇਸ ਮਨੋਹਰ ਰਚਨਾ ਦੇ ਬਾਰੇ ਆਪਣੀ ਗੱਲ ਅਸੀਂ ਚੱਕਰਵਰਤੀ ਜੀ ਦੇ ਸਮਕਾਲੀ ਮਿੱਤਰ ਅਤੇ ਪ੍ਰਸਿੱਧ ਨਾਮਧਾਰੀ ਵਿਦਵਾਨ, ਲੇਖਕ ਤੇ ਬੁਲਾਰੇ ਅਤੇ ਸੁਤੰਤਰਤਾ ਸੰਗਰਾਮੀਏ ਸੰਤ ਨਿਧਾਨ ਸਿੰਘ ਜੀ ਆਲਮ ਦੀ ਟਿੱਪਣੀ ਨਾਲ ਅਰੰਭ ਕਰਦੇ ਹਾਂ।

"ਇਸ ਦੇ ਪੜ੍ਹਨ ਨਾਲ ਮਨ ਰਬਾਬ ਦੀਆਂ ਤਰਬਾਂ ਆਪਣੇ ਆਪ ਹਰਕਤ ਵਿਚ ਆ ਕੇ ਅਦਭੁੱਤ ਖੇੜਾ ਤੇ ਸਰੂਰ ਪੈਦਾ ਕਰ ਦਿੰਦੀਆਂ ਹਨ। ਇਸ ਲੇਖ ਨੇ ਜਿਥੇ ਨਾਮਧਾਰੀਆਂ ਅਤੇ ਹੋਰ ਦੇਸ਼ ਭਗਤ ਪਾਠਕਾਂ ਨੂੰ ਮਸਤਾਨਿਆਂ ਕਰ ਦਿੱਤਾ ਸੀ ਉਥੇ ਅੰਗਰੇਜ਼ ਦੀਆਂ ਵੀ ਕੰਡੀਆਂ ਭਵਾ ਦਿੱਤੀਆਂ ਸਨ। ਅੰਗਰੇਜ਼ ਭਲਾ ਅਜਿਹੇ ਲੇਖ ਨੂੰ ਕਿਵੇਂ ਸਹਾਰ ਸਕਦਾ ਸੀ, ਜਿਸ ਦੇ ਇਕ ਇਕ ਪਦ ਵਿਚੋਂ ਉਸ ਨੂੰ ਅੰਗਰੇਜ਼ੀ ਸਾਮਰਾਜ ਦੇ ਵਿਰੁੱਧ ਬਗਾਵਤ ਦੀ ਮੁਸ਼ਕ ਆਉਂਦੀ ਸੀ। ਉਹ "ਅਪੂਰਵ-ਬਲੀਦਾਨ" ਵੇਖ ਕੇ ਤਿਲਮਿਲਾ ਉਠਿਆ



Namdhari Elibrary NamdhariElibrary@gmail.com

ਅਤੇ ਉਸ ਨੇ ਇਸ ਲੇਖ ਦੇ ਆਧਾਰ 'ਤੇ ਸਤਿਜੁਗ ਦੇ ਇਸ ਅੰਕ ਨੂੰ ਜ਼ਬਤ ਕਰਕੇ ਆਪਣਾ ਕਲੇਜਾ ਠੰਢਾ ਕੀਤਾ।"1

ਚੱਕਰਵਰਤੀ ਜੀ ਜਿਥੇ ਆਪਣੇ ਨਾਨਕੇ ਦਾਦਕੇ ਦੇ ਪਰਿਵਾਰਿਕ ਪਿਛੋਕੜ ਕਾਰਨ ਜਮਾਂਦਰੂ ਨਾਮਧਾਰੀ ਸਨ ਅਤੇ ਸ੍ਰੀ ਭੈਣੀ ਸਾਹਿਬ ਦੇ ਨੇੜੇ ਹੀ, ਉਸ ਸਮੇਂ ਦੀ ਰਿਆਸਤ ਪਟਿਆਲਾ ਦੇ ਪਿੰਡ ਲੱਲ ਕਲਾਂ ਦੇ ਵਾਸੀ ਸਨ, ਉਹ ਆਪਣੇ ਬਚਪਨ ਵਿਚ ਹੀ ੧੦-੧੨ ਸਾਲ ਦੀ ਉਮਰ ਵਿਚ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹਜ਼ੂਰੀ ਵਿਚ ਆ ਗਏ ਸਨ। ਆਦਿ ਸ੍ਰੀ ਗ੍ਰੰਥ ਸਾਹਿਬ ਦੀ ਬਾਣੀ ਦਾ ਪਾਠ ਅਤੇ ਹੋਰ ਸਿੱਖ ਧਾਰਮਿਕ ਗ੍ਰੰਥਾਂ ਦਾ ਅਧਿਅਨ ਏਥੇ ਹੀ ਕੀਤਾ। ਉਨ੍ਹਾਂ ਦੇ ਪ੍ਰੇਰਨਾ ਸਰੋਤ, ਆਯੂ ਵਿਚ ਆਪ ਤੋਂ ਪੰਜ ਕੁ ਵਰ੍ਹੇ ਵੱਡੇ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਾਰਿਆਂ ਤੋਂ ਛੋਟੇ ਭਰਾਤਾ ਸ੍ਰੀ ਮਹਾਰਾਜ ਗੁਰਦਿਆਲ ਸਿੰਘ ਜੀ ਸਨ। ਜਿਨ੍ਹਾਂ ਦੇ ਦਿਲ ਵਿਚ ਦੇਸ਼ ਆਜ਼ਾਦੀ ਦੀ ਤੜਪ ਬਹੁਤ ਗਹਿਰਾ ਘਰ ਕਰ ਗਈ ਸੀ। ਉਹ ਉਸ ਸਮੇਂ ਕਾਂਗਰਸ ਪਾਰਟੀ ਦੇ ਪੰਜਾਬ ਵਿਚ ਉੱਘੇ ਮੁਖੀ ਸਨ। ਉਹ ਨਾਮਧਾਰੀ ਤਹਿਰੀਕ ਦੇ ਮੰਤਕੀ ਨਤੀਜੇ, ਬਰਤਾਨਵੀ ਬਸਤੀਵਾਦੀ ਸ਼ਾਸਨ ਤੋਂ ਮੁਕਤੀ ਨੂੰ, ਨਾਮਧਾਰੀ ਜੀਵਨ ਜਾਚ ਦਾ ਅਟੁੱਟ ਅੰਗ ਸਮਝਦੇ ਸਨ। ਉਮਰ ਉਨ੍ਹਾਂ ਨਾਲ ਵਫ਼ਾ ਨਾ ਕਰ ਸਕੀ ਅਤੇ ਉਹ ਆਪਣੇ ਜਿਗਰੀ ਦੋਸਤ ਚੱਕਰਵਰਤੀ ਨੂੰ, ਨਾਮਧਾਰੀ ਇਤਿਹਾਸ ਦੁਆਰਾ ਆਜ਼ਾਦੀ ਸੰਗਰਾਮ ਦੇ ਰਣ ਤੱਤੇ ਵਿਚ ਜੁੜਦੇ ਰਹਿਣ ਦਾ ਸੰਕਲਪ ਦ੍ਰਿੜ ਕਰਵਾ ਕੇ ਅਕਾਲ ਚਲਾਣਾ ਕਰ ਗਏ।

ਚੱਕਰਵਰਤੀ ਜੀ ਦੇ ਸੰਪਾਦਕੀ ਕਾਰਜ ਕਾਲ ਸਮੇਂ ਦੇਸ਼ ਵਿਚ ਜਨ ਅੰਦੋਲਨਾਂ ਦਾ ਇਕ ਤੋਂ ਬਾਅਦ ਇਕ, ਉਭਾਰ ਆ ਰਿਹਾ ਸੀ। ਪੰਜਾਬ ਵਿਚ ਜੱਲ੍ਹਿਆਂ ਵਾਲੇ ਬਾਗ਼ ਦਾ ਸਾਕਾ, ਮਲੇਰਕੋਟਲਾ ਦੇ ਕੂਕਾ ਕਤਲਾਮ ਤੋਂ ਬਾਅਦ ਦੂਜੀ ਵੱਡੀ ਘਟਨਾ ਸੀ ਜਿਸ ਦੇ ਸਿੱਟੇ ਵਜੋਂ ਕਾਂਗਰਸ ਅੰਦੋਲਨ ਦੇਸ਼ ਭਰ ਵਿਚ ਫੈਲ ਗਿਆ। ਗਾਂਧੀ ਜੀ ਦੁਆਰਾ ਚੌਰਾ ਚੋਰੀ ਦੀ ਘਟਨਾ ਸਮੇਂ ਅਸਹਿਯੋਗ ਅੰਦੋਲਨ ਤੋਂ ਹੱਥ ਪਿਛੇ ਖਿਚ ਲੈਣ ਕਾਰਨ ਗਰਮ ਖਿਆਲੀਏ ਨੌਜੁਆਨ, ਅਗੁਆਈ ਲਈ ਇਨਕਲਾਬੀ ਵਿਚਾਰਧਾਰਾ ਵਾਲੀਆਂ ਜਥੇਬੰਦੀਆਂ ਵੱਲ ਪ੍ਰੇਰਿਤ ਹੋ ਰਹੇ ਸਨ। ਸ਼ਹੀਦੇ-ਆਜ਼ਮ ਭਗਤ ਸਿੰਘ ਤੇ ਉਸ ਦੇ ਸਾਥੀ ਇਸੇ ਦੌਰ ਦੀ ਪੈਦਾਵਾਰ ਸਨ। ਸ਼ਹੀਦ ਭਗਤ ਸਿੰਘ ਤੇ ਸਾਥੀਆਂ ਨੂੰ ਫਾਂਸੀ ਲਾਏ ਜਾਣ ਤੇ ਚੱਕਰਵਰਤੀ ਹੋਰਾਂ ਨੇ ਆਪਣੇ ਅਖਬਾਰ ਵਿਚ ਰੋਸ ਪੂਰਨ ਸੰਪਾਦਕੀ ਲਿਖੇ ਸਨ। ਇਹ ਉਭਾਰ ੧੯੩੫ ਈ. ਦੇ ਗੌਰਮਿੰਟ ਆਫ ਇੰਡੀਆ ਐਕਟ ਤੋਂ ਬਾਅਦ ਹੋਰ ਪ੍ਰਬਲ ਹੋ ਰਿਹਾ ਸੀ। ਸੋਵੀਅਤ ਸੰਘ ਵਿਚ ਪਹਿਲੀ ਸਮਾਜਵਾਦੀ ਰਿਆਸਤ ਤਾਂ ੧੯੧੭ ਈ. ਵਿਚ ਲੈਨਿਨ ਦੀ ਅਗੁਆਈ ਵਿਚ ਹੋਂਦ ਵਿਚ ਆ ਚੁੱਕੀ ਸੀ। ਗਦਰ ਪਾਰਟੀ ਦੀ ਭਾਰਤ, ਵਿਸ਼ੇਸ਼ ਕਰ ਪੰਜਾਬ ਵਿਚ, ਹਥਿਆਰਬੰਦ ਇਨਕਲਾਬ ਦੀ ਯੋਜਨਾ ਸਿਰੇ ਨਾ ਚੜ੍ਹ ਸਕਣ ਤੋਂ ਬਾਅਦ ਬਹੁਤ ਸਾਰੇ ਗਦਰੀ ਸੂਰਬੀਰ ਸਿਰਾਂ 'ਤੇ ਖੱਫਣ ਬੰਨ੍ਹ ਕੇ ਮਾਸਕੋ ਵੱਲ ਵਹੀਰਾਂ ਘੱਤ ਗਏ ਤਾਂ ਜੁ ਉਹ ਸਮਾਜਿਕ ਤਬਦੀਲੀ ਦੇ ਨਵੇਂ ਕ੍ਰਿਸ਼ਮੇ ਨੂੰ ਮੂਰਤੀਮਾਨ ਹੁੰਦਾ ਵੇਖ ਕੇ ਇਸ ਨੂੰ ਦੇਸ਼ ਵਿਚ ਆ ਕੇ ਦੁਹਰਾਉਣ। ਭਾਈ ਸੰਤੋਖ ਸਿੰਘ ਧਰਦਿਉ ਤੇ ਭਾਈ ਰਤਨ ਸਿੰਘ ਰਾਇਪੁਰ ਡੱਬਾ ਦਾ ਇਸ ਮਾਮਲੇ ਵਿਚ ਮੋਢੀਆਂ ਵਾਲਾ ਰੋਲ ਸੀ। ਭਾਈ ਸੰਤੋਖ ਸਿੰਘ ਹੋਰਾਂ ਇਨ੍ਹਾਂ ਸਮਿਆਂ ਵਿਚ ਹੀ ਅੰਮ੍ਰਿਤਸਰ ਤੋਂ ਆਪਣਾ ਪ੍ਰਸਿੱਧ ਪਰਚਾ 'ਕਿਰਤੀ' ਜਾਰੀ ਕੀਤਾ ਸੀ ਜਿਸ ਵਿਚ ਸ਼ਹੀਦ ਭਗਤ ਸਿੰਘ ਨੇ ਸਤਿਗੁਰੂ ਰਾਮ ਸਿੰਘ ਜੀ ਅਤੇ ਕੂਕਾ ਅੰਦੋਲਨ ਬਾਰੇ ਆਪਣੀ ਪੈਨੀ ਕਲਮ ਨਾਲ ਸਟੀਕ ਟਿੱਪਣੀਆਂ ਕੀਤੀਆਂ। ਇਸ ਰਾਜਨੀਤਕ ਪ੍ਰਿਸ਼ਠ ਭੂਮੀ ਵਿਚ ਹੀ "ਅਪੂਰਵ-ਬਲੀਦਾਨ" ਦਾ ਅਵਲੋਕਨ ਯੁਕਤੀ ਸੰਗਤ ਹੋਵੇਗਾ। ਨਾਲੇ ਹੁਣ ਤੱਕ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਸਾਰੇ ਰੰਗਾਂ ਦੇ ਸੁਤੰਤਰਤਾ ਸੈਨਾਨੀਆਂ, ਇਨਕਲਾਬੀਆਂ ਵਾਸਤੇ ਵੀ ਸੁਰੱਖਿਅਤ ਸ਼ਰਣ ਸਥਲੀ ਬਣ ਚੁੱਕਾ ਸੀ।

ਸਿੱਖ ਇਤਿਹਾਸ ਵਿਚ ਇਕ ਪਰਸੰਗ ਦਰਜ ਹੈ ਕਿ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਹਿਲ ਮਾਤਾ ਜੀਤੋ ਜੀ ਨੂੰ ਅਨੰਦਪੁਰ ਸਾਹਿਬ ਬੈਠਿਆਂ ਇਕ ਸੁਪਨ-ਦ੍ਰਿਸ਼ਟਾਂਤ ਹੁੰਦਾ ਹੈ ਜਿਸ ਵਿਚ ਅਨੰਦਪੁਰ ਸਾਹਿਬ, ਗੁਰੂ ਪਰਿਵਾਰ ਅਤੇ ਖਾਲਸੇ ਦੀ ਭਾਵੀ ਹੋਣੀ ਦੇ ਸੰਕੇਤ ਮੂਰਤੀਮਾਨ ਹੁੰਦੇ ਹਨ। ਪ੍ਰਸੰਗ ਦੀਆਂ ਘਟਨਾਵਾਂ ਦੇ ਤ੍ਰਾਸਦਿਕ ਚਿਤਰਣ ਲਈ ਇਹ ਵਿਧੀ ਬੜੀ ਕਾਰਗਰ ਸਿੱਧ ਹੁੰਦੀ ਹੈ। ਚੱਕਰਵਰਤੀ ਜੀ ਆਪਣੀ ਰਚਨਾ ਵਿਚ ਵੀ ਇਸੇ ਸੰਕੇਤਕ ਵਿਧੀ ਨੂੰ ਪ੍ਰਯੋਗ ਵਿਚ ਲਿਆਉਂਦੇ ਹਨ। ਇਥੇ ਪਾਤਰ ਮਾਤਾ ਜੀਤੋ ਜੀ ਦੀ ਥਾਂ ਤੇ ਪ੍ਰਸਿੱਧ ਨਾਮਧਾਰੀ ਸੂਬਾ ਸਾਹਿਬ ਸਿੰਘ ਜੀ ਬੰਗਾਲੀਪੁਰ (ਅੰਮ੍ਰਿਤਸਰ) ਦੇ ਭਾਈ ਹੀਰਾ ਸਿੰਘ ਜੀ ਹਨ। ਚੱਕਰਵਰਤੀ ਜੀ ਇਸ ਪਿੰਡ ਨੂੰ ਬੁਮਾਲੀਪੁਰ ਲਿਖਦੇ ਹਨ। ਕਈ ਵੇਰ ਪਿੰਡਾਂ, ਕਸਬਿਆਂ ਸ਼ਹਿਰਾਂ ਦੇ ਨਾਵਾਂ ਦਾ ਉਚਾਰਨ ਭਿੰਨ ਭਿੰਨ ਵੀ ਹੁੰਦਾ ਹੈ। ਇਸ ਵਾਰਤਾਲਾਪ ਵਿਚ ਸ਼ੁਰੂ ਵਿਚ ਕੁਝ ਰਹੱਸ ਵੀ ਉਪਜਾਇਆ ਗਿਆ ਹੈ ਅਤੇ ਦੋਵਾਂ ਧਿਰਾਂ ਦੀ ਗੱਲਬਾਤ ਵਿਚੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਉਚ ਚਰਿੱਤਰ ਦੇ ਝਲਕਾਰੇ ਵੀ ਮਿਲਦੇ ਹਨ। ਭਾਈ ਹੀਰਾ ਸਿੰਘ ਸਰੀਰਕ ਦੁੱਖ ਨਾਲੋਂ ਆਤਮਕ ਦੁੱਖ ਨੂੰ ਵੱਡਾ ਦਸਦਾ ਹੈ ਜਿਸ ਤੇ ਗੁਰੂ ਦਾ "ਲਾਡਲਾ ਸਪੂਤ" ਸੂਬਾ ਸਾਹਿਬ ਸਿੰਘ ਕਹਿ ਉਠਦਾ ਹੈ :

"ਫਿਰ ਕੀ ਭਜਨ ਵਿਚ ਬਿਰਤੀ ਨਹੀਂ ਲਗਦੀ ? ਜਾਂ ਮਨ ਨਿਰ-ਵਿਕਲਪ ਹੋ ਕੇ ਇਕਾਗਰ ਨਹੀਂ ਹੁੰਦਾ ? ਜਾਂ ਸੁਰਤ ਸ਼ਬਦ ਨਾਲ ਜੁੜਦੀ ਨਹੀਂ ?"

"ਸੰਤ ਜੀ, ਜਿਸ ਨੇ ਸਤਿਗੁਰਾਂ ਤੋਂ ਭਜਨ ਪੁੱਛਿਆ ਹੋਵੇ, ਜੇਹੜਾ ਇਸ ਚੋਜੀ ਵਾਲੇ ਪਾਤਸ਼ਾਹ ਦੀ ਸ਼ਰਨ



Namdhari Elibrary NamdhariElibrary@gmail.com

ਆਇਆ ਹੋਵੇ, ਉਸ ਨੂੰ ਭਜਨ ਨਾ ਫੁਰੇ। ਉਸ ਦੀ ਚਿੱਤ ਬਿਰਤੀ ਇਕਾਗਰ ਨਾ ਹੋਵੇ!! ਏਹ ਅਸੰਭਵ ਏ, ਸ੍ਰੀ ਗੁਰੂ ਜੀ ਤਾਂ ਪੱਥਰ ਤੇ ਨਾਮ ਸੁੱਟਣ ਤਾਂ ਉਥੇ ਵੀ ਉੱਗੇ ਬਿਨਾ ਨਹੀਂ ਰਹਿ ਸਕਦਾ, ਫਿਰ ਮਨੁੱਖ ਦੀ ਤਾਂ ਗੱਲ ਹੀ ਕੀ ਏ, ਜਿਸ ਨੂੰ ਏਸ ਆਜਾਨ ਬਾਹ, ਇਸ ਸ਼ਾਹਾਨ ਸ਼ਾਹ ਨੇ ਆਪਣੀ ਰਸਨਾ ਥੀਂ ਭਜਨ ਸੁਣਾ ਦਿੱਤਾ ਏ। ਫਿਰ ਉਸ ਦਾ ਮਨ ਕਿਸੇ ਹੋਰ ਪਾਸੇ ਜਾ ਸਕਦਾ ਏ? ਫਿਰ ਉਸ ਦੀ ਚਿੱਤ ਬਿਰਤੀ ਵਿਚ ਕੋਈ ਖਲਲ ਪੈਦਾ ਹੋ ਸਕਦਾ ਏ?[੧੨]"

ਅਖੀਰ ਤੇ ਦੋਵਾਂ ਭਰਾਵਾਂ ਦੇ ਵਿਚਾਲੇ ਵਾਰਤਾਲਾਪ ਦੇ ਦੌਰਾਨ ਹੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਆ ਜਾਂਦੇ ਹਨ ਤੇ ਕੂਕਾ ਪੰਥ ਤੇ ਵਰਤਣ ਵਾਲੀ ਭਿਆਨਕ ਤ੍ਰਾਸਦੀ ਦੀਆਂ ਝਲਕਾਂ, ਸਿੰਘਾਂ ਦਾ ਸ਼ਹੀਦ ਹੋਣਾ, ਸਤਿਗੁਰੂ ਜੀ ਤੇ ਸੂਬਿਆਂ ਦੀ ਜਲਾਵਤਨੀ ਦਾ ਦ੍ਰਿਸ਼, ਉਹ ਅੱਥਰੂਆਂ ਦੀ ਲੜੀ ਵਿਚ ਸੁਣਾਉਂਦਾ ਹੈ ਜਿਸ ਤੇ ਸਾਹਿਬ ਫੁਰਮਾਉਂਦੇ ਹਨ

ਹੀਰਾ ਸਿੰਘ ਜੀ ਇਨ੍ਹਾਂ ਗੱਲਾਂ ਦਾ ਕੀ ਪਏ ਫਿਕਰ ਕਰਦੇ ਹੋ। ਇਹ ਤੇ ਮਾਮੂਲੀ ਗੱਲਾਂ ਹਨ, ਜਿਨ੍ਹਾਂ ਚਿਰ ਇਹ ਕਾਰ ਨਹੀਂ ਵਰਤਦੀ ਉਨ੍ਹਾਂ ਚਿਰ ਧਰਮ ਨਹੀਂ ਟੁਰਦਾ ਤੇ ਓਨਾ ਚਿਰ ਪਾਪੀ ਰਾਜ ਦਾ ਨਾਸ ਨਹੀਂ ਹੋਂਦਾ, ਓਨਾ ਚਿਰ ਭਾਰਤ ਗੁਲਾਮੀ ਦੇ ਬੰਧਨਾਂ ਤੋਂ ਆਜ਼ਾਦ ਨਹੀਂ ਹੋ ਸੱਕਦਾ, ਫ਼ਿਕਰ ਨਾ ਕਰੋ, ਕਰਤਾਰ ਦੇ ਰੰਗ ਤੱਕੋ। ਜੋ ਹੋਵੇਗਾ ਚੰਗਾ ਹੀ ਹੋਵੇਗਾ"[੧੩]

ਸੰਮਤ ੧੯੨੯ ਬਿਕ੍ਰਮੀ ਦੀ ਮਾਘੀ ਦੇ ਮੇਲੇ ਤੇ ਸਮੂਹ ਸੰਗਤ ਨੂੰ ਸ੍ਰੀ ਭੈਣੀ ਸਾਹਿਬ ਪਹੁੰਚਣ ਦੀ ਸਤਿਗੁਰੂ ਜੀ ਨੇ ਤਾਕੀਦ ਕੀਤੀ। ਇਸੇ ਮੇਲੇ ਵਿਚ ਕਰਵਾਹੀ ਪਿੰਡ ਦੇ ਲੰਬੜਦਾਰ ਗੁਰਮੁਖ ਸਿੰਘ ਨੇ ਕਰੂੰਜਤੇ ਤੇ ਬੈਲ ਵਾਲਾ ਪਰਸੰਗ ਸੁਣਾਇਆ। ਬੈਲ 'ਤੇ ਭਾਰ ਤੋਂ ਪ੍ਰੇਸ਼ਾਨ ਹੋ ਕੇ ਉਸ ਕਰੂੰਜਤੇ ਨੂੰ ਹੇਠਾਂ ਉਤਰ ਕੇ ਤੁਰਨ ਲਈ ਕਿਹਾ। ਫਿਰ ਮਲੇਰਕੋਟਲੇ ਵਿਚ ਉਹ ਬੈਲ ਜਿਬ੍ਹਾ ਕਰ ਦਿੱਤਾ ਗਿਆ। ਹੀਰਾ ਸਿੰਘ ਲਹਿਣਾ ਸਿੰਘ ਸ਼ਹੀਦੀ ਜਥੇ ਦੇ ਆਗੂ ਦੋਵੇਂ ਮਸਤਾਨੇ ਵੀ ਲੰਬੜਦਾਰ ਦੇ ਬਿਰਤਾਂਤ ਤੋਂ ਜੋਸ਼ ਰਸ ਵਿਚ ਆ ਗਏ। ਸਤਿਗੁਰੂ ਰਾਮ ਸਿੰਘ ਜੀ ਸਿੰਘਾਂ ਨੂੰ ਧੀਰਜ ਕਰਨ ਵਾਸਤੇ ਕਹਿੰਦੇ ਹਨ ਕਿ ਜਿਹੜਾ ਕੰਮ ਤਲਵਾਰ ਨਾਲ ਕਰਨਾ ਚਾਹੁੰਦੇ ਹੋ ਮੈਂ ਮਾਲਾ ਨਾਲ ਕਰ ਦਿਆਂਗਾ। ਇੰਤਜ਼ਾਰ ਕਰੋ। ਮਸਤਾਨੇ ਜਦੋਂ ਗੁਰੂ ਤੇਗ ਬਹਾਦਰ ਸਾਹਿਬ ਦੇ ਹੁਕਮ ਦੀ ਗੱਲ ਕਰਦੇ ਹਨ ਤਾਂ ਸਤਿਗੁਰੂ ਜੀ ਕਹਿੰਦੇ ਹਨ ਕਿ ਉਨ੍ਹਾਂ ਦੇ ਹੁਕਮ ਅਗੇ ਮੇਰਾ ਕੋਈ ਜ਼ੋਰ ਨਹੀਂ।

ਮਸਤਾਨਿਆਂ ਦੇ ਸ਼ਹੀਦੀ ਜਥੇ ਬਾਰੇ ਲੇਖਕ ਸੂਬਾ ਲੱਖਾ ਸਿੰਘ ਜੀ ਤੇ ਸਤਿਗੁਰੂ ਜੀ ਦੀ ਵਾਰਤਾਲਾਪ ਇਉਂ ਸਿਰਜਦਾ ਹੈ ਜਿਸ ਵਿਚੋਂ ਮਾਈ ਇੰਦ ਕੌਰ ਦਾ ਬੁਲੰਦ ਕਿਰਦਾਰ ਪ੍ਰਗਟ ਹੁੰਦਾ ਹੈ। "ਦੀਨ ਦਿਆਲ, ਤੇਰੀਆਂ ਤੂੰਹੇ ਜਾਣੇ, ਅਸੀਂ ਅਲਪੱਗ ਜੀਵ ਤੇਰੀ ਕਾਰ ਨੂੰ ਕੀ ਸਮਝ ਸਕਦੇ ਹਾਂ ਅਤੇ ਕੀ ਕਹਿ ਸਕਦੇ ਹਾਂ। ਮਸਤਾਨਿਆਂ ਦਾ ਜੋਸ਼ ਵੇਖ ਅਸੀਂ ਆਪ ਪਏ ਹੈਰਾਨ ਹੁੰਦੇ ਹਾਂ ਕਿ ਇਨ੍ਹਾਂ ਨੂੰ ਮੌਤ ਦਾ ਉੱਕਾ ਹੀ ਡਰ ਨਹੀਂ, ਏਹ ਜਾਣਦੇ ਬੁਝਦੇ ਹੋਏ ਪਹਾੜ ਨਾਲ ਮੱਥਾ ਡਾਹੁਣ ਚੱਲੇ ਹਨ। ਮਾਈ ਇੰਦ ਕੌਰ ਹੇੜਾਏ ਵਾਲੀ ਦੇ ਹੱਥ ਸ਼ਹੀਦੀ ਝੰਡਾ ਏ। ਮਾਈ ਰਣ ਚੰਡੀ ਦਾ ਰੂਪ ਧਾਰਨ ਕਰੀ ਖੜੀ ਏ। ਮਾਈ ਦੀ ਬਾਣੀ ਵਿਚ ਤੇਜ ਏ, ਸ਼ਬਦਾਂ ਵਿਚ ਜਾਦੂ ਏ, ਜ਼ਬਾਨ ਵਿਚ ਤਾਸੀਰ ਏ, ਬੋਲ ਵਿਚ ਖਾਸ ਅਸਰ ਏ, ਬੜੇ ਬੜੇ ਸ਼ਰਾਬਲ ਤੇ ਕਾਇਰ ਮਾਈ ਦੇ ਦਾਵਾਂ ਤੇ ਅਮਲ ਕਰਕੇ ਸ਼ਹੀਦੀ ਝੰਡੇ ਹੇਠ ਆ ਜਾਂਦੇ ਹਨ। ਮਾਈ ਜਦੋਂ ਆਂਹਦੀ ਏ ਕਿ ਆਓ ਖਾਲਸਾ ਜੀ ਜਿਸ ਧਰਮ ਜਹਾਜ਼ ਤੇ ਸਵਾਰ ਹੋਣਾ ਏ, ਆਓ ਜਿਸ ਗਊ ਗਰੀਬ ਪਿਛੇ ਸ਼ਹੀਦੀ ਪਾਣੀ ਏ। ਆਓ ਜਿਸ ਭਾਰਤ ਦੀ ਆਜ਼ਾਦੀ ਹਿਤ ਜਾਨ ਵਾਰਨੀ ਏ। ਆਓ ਜਿਸ ਦੇਸ਼ ਧਰਮ ਦੇ ਵਾਸੀਆਂ ਦੇ ਝੂਟੇ ਲੈਣੇ ਹਨ। ਤਦ ਦਲਾਂ ਦੇ ਦਲ ਇਕ ਵਾਰ ਹੀ ਕਹਿ ਉਠਦੇ ਹਨ ਕਿ ਅਸੀਂ ਤਿਆਰ ਹਾਂ। ਜਿਥੇ ਜੀ ਚਾਹੇ ਲੈ ਚੱਲੋ, ਸਾਨੂੰ ਪ੍ਰਾਣਾਂ ਦਾ ਕੋਈ ਮੋਹ ਨਹੀਂ, ਸਾਡਾ ਸਰੀਰ ਨਾਲ ਕੋਈ ਜੋਰ ਨਹੀਂ। ਅਸੀਂ ਗਊ ਗਰੀਬ ਦੇ ਗਲ ਤੇ ਛੁਰੀ ਫਿਰਦੀ ਨਹੀਂ ਵੇਖ ਸਕਦੇ। ਅਸੀਂ ਜਾਂ ਮਰ ਜਾਵਾਂਗੇ ਅਤੇ ਜਾਂ ਭਾਰਤ ਨੂੰ ਸੁਤੰਤਰ ਕਰ ਦਿਆਂਗੇ। ਨਾਥ! ਅਸੀਂ ਸਮਝਦੇ ਸਾਂ ਕਿ ਇਹ ਮੁੱਠੀ ਭਰ ਮਸਤਾਨੇ ਥੋੜੇ ਹੀ ਕੀ ਹਨ, ਪਰ ਅੱਜ ਤੇ ਅਕਾਲ ਬੁੰਗੇ ਤਿਲ ਧਰਨ ਨੂੰ ਵੀ ਥਾਂ ਨਹੀਂ ਸੀ, ਅੱਜ ਤੇ ਸੈਂਕੜੇ ਜ਼ੁਬਾਨਾਂ ਵਿਚੋਂ ਇਕ ਹੀ ਆਵਾਜ਼ ਆਉਂਦੀ ਸੀ—

"ਖੋਖਾ ਖਾਲਸੇ ਬੈਠ ਸਲਾਹ ਕੀਤੀ,
ਲਿਖਨ ਚਿੱਠੀਆਂ ਨਾਲ ਵਧਾਈਆਂ ਦੇ।
ਅਸਾਂ ਧਰਮ ਉਤੇ ਤੇਗ ਚੱਕਨੀ ਏ,
ਧਰਮ ਰੱਖਦੇ ਨੀ ਪੁੱਤਰ ਮਾਈਆਂ ਦੇ।
ਹਿਦੂ ਕੋਈ ਨਾ ਏਸ ਵਿਚ ਦਖਲ ਦੇਵੇ,
ਅਸੀਂ ਕੱਟਣੇ ਮੂੰਡ ਕਸਾਈਆਂ ਦੇ।
ਜਿਥੇ ਸਿੰਘ ਸਰਦਾਰ ਜਗੀਰ ਵਾਲੇ,
ਓਥੇ ਚਿੱਠੀਆਂ ਲਿਖ ਪੁਚਾਈਆਂ ਦੇ।
(ਪੈਂਤੀਸ ਅੱਖਰੀ ਕਾਨ੍ਹਾ ਸਿੰਘ ਜੀ)"[੧੪]

ਸਤਿਗੁਰੂ ਜੀ ਨੇ ਜਦੋਂ ਮਸਤਾਨੇ ਰੋਕਿਆ ਨਾ ਰੁਕੇ ਉਨ੍ਹਾਂ ਨੂੰ ਆਪਣੇ ਹੱਥੀਂ ਪਰਸ਼ਾਦ ਛਕਾ ਕੇ, ਪਿਤਾ ਪੁੱਤਰਾਂ ਵਾਲੀ ਮੋਹ ਮਮਤਾ ਦੇ ਹਵਾਲੇ ਦੇ ਕੇ ਉਨ੍ਹਾਂ ਨੂੰ ਮੌਤ ਦੇ ਮੂੰਹ ਜਾਂਦਿਆਂ ਨੂੰ ਰੋਕਿਆ। ਇਹ ਵੀ ਕਿਹਾ "ਤੁਹਾਡਾ ਇਰਾਦਾ ਸ਼ੁਭ ਏ, ਤੁਹਾਡੀ ਨੀਅਤ ਸਾਫ ਏ, ਤੁਹਾਡੀ ਕੁਰਬਾਨੀ ਅਦੁੱਤੀ ਏ, ਇਸ ਲਈ ਮੈਂ ਤੁਹਾਨੂੰ ਰੋਕਦਾ ਨਹੀਂ, ਪਰ ਅਜੇ ਵੇਲਾ ਨਹੀਂ ਸੀ ਆਇਆ। ਜ਼ਰਾ ਕਾਹਲੀ ਕਰ ਚੱਲੇ ਹੋ।"[੧੫]

ਗੋਰਿਆਂ ਦੇ ਕਾਨੂੰਨ ਨੂੰ ਝੂਠਾ ਸਿੱਧ ਕਰਨ ਲਈ ਸਤਿਗੁਰੂ ਜੀ ਸੂਬਿਆਂ ਅਤੇ ਮੁਖੀ ਸਿੰਘਾਂ ਨਾਲ ਰਾਇ ਕਰਕੇ ਸੂਬਾ ਲੱਖਾ



Namdhari Elibrary NamdhariElibrary@gmail.com

ਸਿਘ ਨੂੰ ਲੁਧਿਆਣੇ ਸਰਕਾਰ ਪਾਸ ਭੇਜਦੇ ਹਨ ਕਿ ਮਸਤਾਨੇ ਸਿਘ ਮਰਜ਼ੀ ਦੇ ਮਾਲਕ ਹਨ, ਸਰਕਾਰ ਇਨ੍ਹਾਂ ਦਾ ਬੰਦੋਬਸਤ ਕਰੇ।" ਪੰਤੂ ਸਰਕਾਰ ਜੋ ਕੂਕਿਆਂ ਤੋਂ ਅਤੇ ਸਤਿਗੁਰੂ ਜੀ ਤੋਂ ਕਾਫੀ ਡਰੀ ਹੋਈ ਸੀ ਉਹਨੇ ਲੱਖਾ ਸਿਘ ਹੋਰਾਂ ਨੂੰ ਸੂਚਨਾ ਦੇਣ ਆਇਆਂ ਨੂੰ ਹੀ ਗ੍ਰਿਫ਼ਤਾਰ ਕਰ ਲਿਆ। ਮਸਤਾਨਿਆਂ ਦੀ ਕੋਟਲੇ ਵਿਚ ਰਿਆਸਤੀ ਸੈਨਾ ਨਾਲ ਲੜਾਈ ਹੋਈ। ਕੁਝ ਮਾਰੇ ਗਏ, ਕੁਝ ਫੱਟੜ। ਫਿਰ ਸਿਘ ਮਲੇਰਕੋਟਲੇ ਦੇ ਰੱਕੜ ਵਿਚ ਲਿਆ ਕੇ ਤੋਪਾਂ ਨਾਲ ਉਡਾਉਣ ਦੀ ਤਿਆਰੀ ਹੈ। ਪ੍ਰਤੱਖ ਦਰਸ਼ੀ, ਭਾਈ ਲਾਲ ਸਿਘ ਸਿਆਹੜ ਵਾਲਿਆਂ ਦੇ ਸਤਿਗੁਰੂ ਜੀ ਨਾਲ ਵਾਰਤਲਾਪ ਵਿਚੋਂ ਸਿਘਾਂ ਦੀ ਸ਼ਹੀਦੀ ਦਾ ਦ੍ਰਿਸ਼, ਚੱਕਰਵਰਤੀ ਜੀ ਦੀ ਕਲਮ ਦੁਆਰਾ—

"ਤੋਪਾਂ ਤਿਆਰ ਖਲੋਤੀਆਂ ਸਨ। ਨਾਭਾ, ਪਟਿਆਲਾ, ਜੀਂਦ, ਕੋਟਲੇ ਦੀਆਂ ਫੌਜਾਂ ਹਾਜ਼ਰ ਸਨ, ਸਿਪਾਹੀ ਸਿਘ ਸਨ, ਕੋਲ ਲੁਦਹਾਣੇ ਵਾਲਾ ਜ਼ਿਲ੍ਹਾ ਗੋਰਾ ਖਲੋਤਾ ਸੀ, ਕ੍ਰਾਹ ਕ੍ਰਾਹ ਮਚੀ ਹੋਈ ਸੀ, ਏ ਮਾਈਆਂ ਦੇ ਲਾਲ ਸਨ। ਬਹੁਤ ਸਾਰੇ ਰੱਬ ਦੇ ਭੈ ਵਾਲੇ ਨਰਮ ਦਿਲ ਲੋਕੀ ਤਾਂ ਹਾ ਹਾ ਕਾਰ ਕਰ ਰਹੇ ਸਨ। ਡਰ ਸਹਿਮ ਅਜਿਹਾ ਸੀ ਕਿ ਕੋਈ ਉਚੀ ਸਾਹ ਨਹੀਂ ਸੀ ਲੈਂਦਾ। ਏਨੇ ਨੂੰ ਗੋਰੇ ਸਿਘਾਂ ਨੂੰ ਕਿਹਾ, "ਤਿਆਰ ਹੋ ਜਾਓ।" ਸਿਘ ਤਾਂ ਪਹਿਲੋਂ ਹੀ ਤਿਆਰ ਸਨ। ਸਾਰੇ ਉਠ ਖਲੋਤੇ, ਅਰਦਾਸ ਸ਼ੁਰੂ ਹੋ ਗਈ। ਭਾਈ ਹੀਰਾ ਸਿਘ ਜੀ ਨੇ ਭਾਵੇ ਪਿਆਰ ਵਿਚ ਅਰਦਾਸ ਕੀਤੀ, ਜਿਸ ਨੂੰ ਸੁਣ ਕੇ ਪੱਥਰ ਦਿਲ ਵੀ ਧਾਹੀ ਮਾਰ ਉਠੇ, ਜਿਸਦਾ ਕੁਝ ਕੁਝ ਭਾਵ ਇਹ ਸੀ — "ਦੀਨ ਦਿਆਲ ਅਸੀਂ ਨਾਚੀਜ਼ ਬੰਦੇ ਗਊ ਗਰੀਬ ਅਤੇ ਦੇਸ਼-ਧਰਮ ਤੋਂ ਸ਼ਹੀਦ ਹੋਣ ਲੱਗੇ ਹਾਂ, ਸਾਡੇ ਦਿਲ ਵਿਚ ਆਪਣੀ ਮਾਤਰੀ ਭੂਮੀ ਦੀ ਆਜ਼ਾਦੀ ਦੀ ਲਗਨ ਸੀ, ਭਾਰਤ ਦੀ ਸੁਤੰਤਰਤਾ ਦੀ ਉਮੰਗ ਸੀ, ਅਸੀਂ ਜਨਨੀ ਜਨਮ ਭੂਮੀ ਨੂੰ ਗੁਲਾਮੀ ਦੇ ਬੰਧਨਾਂ ਵਿਚ ਬੱਧੀ ਹੋਈ ਨਹੀਂ ਸਾਂ ਵੇਖ ਸਕਦੇ, ਅਸੀਂ ਗਊ-ਗਰੀਬ ਦੇ ਦੁੱਖ ਨਹੀਂ ਸਾਂ ਝੱਲ ਸਕਦੇ, ਇਸੇ ਅਪਰਾਧ ਖਾਤਰ ਅੱਜ ਅਸੀਂ ਤੋਪਾਂ ਨਾਲ ਉਡਣ ਲੱਗੇ ਹਾਂ। ਨਾਥ! ਸਾਡੇ ਅੰਗ ਸੰਗ ਰਹਿਣਾ ਆਪਣੇ ਚਰਨਾਂ ਦੀ ਪ੍ਰੀਤ ਬਖਸ਼ਣੀ। ਜਿਸ ਆਜ਼ਾਦੀ ਦੀ ਵੇਲ ਨੂੰ ਅਸੀਂ ਆਪਣੀ ਸ਼ਾਹ ਰਗ ਦਾ ਖੂਨ ਪਾ ਕੇ ਸੀਂਜਣ ਲੱਗੇ ਹਾਂ, ਇਸ ਨੂੰ ਮੁਰਝਾਣ ਨਾ ਦੇਣਾ। ਸਮੇਂ ਸਮੇਂ ਸਿਰ ਭਾਰਤ ਦੇ ਸਪੁੱਤਰਾਂ ਨੂੰ ਪਰੇਰ ਕੇ ਇਸ ਦੀ ਪਾਲਣਾ ਕਰਵਾਂਦਿਆਂ ਰਹਿਣਾ। ਜਦੋਂ ਤੂੰ ਆਵੇਂ ਅਸੀਂ ਤੇਰੇ ਨਾਲ ਆਈਏ, ਸਾਡੇ ਆਜ਼ਾਦ ਭਾਰਤ ਤੇ ਕਦਮ ਟਿਕਣ, ਗਊ-ਗਰੀਬ ਦੇ ਦੁੱਖ ਦੂਰ ਹੋਏ ਹੋਣ। ਰਾਮ ਰਾਜ ਦੀ ਸਥਾਪਨਾ ਹੋਈ ਹੋਈ ਹੋਵੇ। ਬੱਸ ਇਹੋ ਸਾਡੀ ਮੰਗ ਏ, ਈਹੋ ਸਾਡੀ ਅਰਦਾਸ ਹੈ।"

ਤੇ ਫਿਰ ਉਹ ਲਹੂ ਰੰਗਿਆ ਸਾਕਾ ਵਾਪਰਿਆ ਕੋਟਲੇ ਦੇ ਰੱਕੜ ਵਿਚ, ਜਿਸਨੇ ਭਾਰਤ ਵਿਚ ਬਸਤੀਵਾਦੀ ਸ਼ਾਸਨ ਪੱਧਤੀ ਤੇ ਕਰਾਰੀ ਸੱਟ ਮਾਰੀ। ਭਾਈ ਵਰਿਆਮ ਸਿਘ ਮਰਾਜ ਵੱਲੋਂ, ਮਹਾਰਾਜ ਪਟਿਆਲਾ ਨਾਲ ਸ਼ਰੀਕੇ ਭਾਈਚਾਰੇ ਦੀ ਸਾਂਝ ਹੋਣ ਕਾਰਨ ਰਿਹਾਈਆਂ ਦੇ ਮਧਰੇਕੌਂਦ ਦੇ ਬਹਾਨੇ ਆਏ ਆਦੇਸ਼ ਨੂੰ ਵਾਹਣ ਦੀਆਂ ਥੀਮਾਂ ਤੇ ਖਲੋ ਕੇ ਲਲਕਾਰਿਆ ਜਾਣਾ। ਬਾਲ ਬਿਸ਼ਨ ਸਿਘ ਤੇ ਹਰਨਾਮ ਸਿਘ ਹੋਰਾਂ ਦੀ ਸ਼ਹੀਦੀ। ਭਾਈ ਹਰਨਾਮ ਸਿਘ ਧਮੋਟ ਵੱਲੋਂ ਜਟਕੇ ਬਾਣੇ ਵਿਚ ਹੀ ਸ਼ਹੀਦੀ, ਹੀਰਾ ਸਿਘ ਲਹਿਣਾ ਸਿਘ ਹੋਰਾਂ ਦੀਆਂ ਜਾਤੀ ਮੌਤ ਨੂੰ ਮਜ਼ਾਖਾਂ ਤੇ ਸਮੂੰਹ ਸਿਘਾਂ ਦਾ ਚੜ੍ਹਦੀ ਕਲਾ ਵਿਚ ਰਹਿ ਕੇ, ਸਾਬਤ ਸਿਦਕ ਨਾਲ ਫੀਤਾ ਫੀਤਾ ਹੋ ਕੇ ਉਡਣਾ, ਭਾਰਤੀ ਸੁਤੰਤਰਤਾ ਸੰਗਰਾਮ ਵਿਚ ਆਪਣੀ ਨਿਵੇਕਲੀ ਥਾਂ ਸੁਰੱਖਿਅਤ ਕਰ ਗਿਆ। ਹੁਣ ਇਸੇ ਸਾਕੇ ਦੀ ਆੜ ਵਿਚ ਸ੍ਰੀ ਸਤਿਗੁਰੂ ਜੀ ਅਤੇ ਸੂਬਿਆਂ ਦੀ ਸ੍ਰੀ ਭੈਣੀ ਸਾਹਿਬ ਤੋਂ ੧੭-੧੮ ਜਨਵਰੀ ੧੮੭੨ ਈ. ਦੀ ਦਰਮਿਆਨੀ ਰਾਤ ਨੂੰ ਜਲਾਵਤਨੀ ਦੀ ਤਿਆਰੀ ਦਾ ਮਾਰਮਿਕ ਦ੍ਰਿਸ਼ ਜਿਵੇਂ ਚੱਕਰਵਰਤੀ ਜੀ ਬਿਆਨ ਕਰਦੇ ਹਨ, ਉਸ ਨਾਲ ਕਲੇਜਾ ਮੂੰਹ ਨੂੰ ਆਉਂਦਾ ਹੈ, ਹੰਝੂਆਂ ਦੀ ਬਰਸਾਤ ਹੈ ਜੋ ਰੁਕਣ ਦਾ ਨਾਂ ਹੀ ਨਹੀਂ ਲੈਂਦੀ। ਇਸ ਦ੍ਰਿਸ਼ ਨੂੰ ਚੱਕਰਵਰਤੀ ਜੀ ਦੀ ਮਸਤਾਨੀ ਕਲਮ ਨੇ ਸੂਬਾ ਸਾਹਿਬ ਸਿਘ (ਜਿਸ ਨੂੰ ਆਪ ਨਿਰਬਾਣ ਸਿਘ ਕਹਿ ਕੇ ਵਡਿਆਉਂਦੇ ਸਨ, ਸੂਬਾ ਜੀ ਪਹਿਲਾਂ ਉਦਾਸੀਆਂ ਵਿਚੋਂ ਆਏ ਸਨ ਜਿਵੇਂ ਪੁੱਜੇ ਹੋਏ ਸਾਧੂਆਂ ਨੂੰ, ਨਿਰਬਾਣ ਦਾ ਰੁਤਬਾ ਦਿੱਤਾ ਜਾਂਦਾ ਸੀ) ਅਤੇ ਸਤਿਗੁਰੂ ਜੀ ਦੇ ਵਾਰਤਾਲਾਪ ਦੁਆਰਾ ਇਉਂ ਬਿਆਨਿਆ ਹੈ।

"ਪਾਤਸ਼ਾਹ! ਆਪ ਬਸਤਰ ਬਦਲ ਲਓ, ਆਗਿਆ ਕਰੋ, ਬਨਾਤ ਦਾ ਉਹ ਚੋਗਾ ਲਿਆਵਾਂ ਜੋ ਮਹਾਰਾਣਾ ਨੇਪਾਲ ਨੇ ਹਜ਼ੂਰ ਦੀ ਭੇਟਾ ਕੀਤਾ , ਜਾਂ ਚੀਨ ਖਾਫ਼ ਦਾ ਲਿਆਵਾਂ ਕਿਹੜਾ ਸਜਾਓਗੇ ? ਸ੍ਰੀ ਗੁਰੂ ਜੀ ਸੁਣ ਕੇ ਚੁੱਪ ਹੋ ਗਏ, ਬੜਾ ਚਿਰ ਸੋਚ ਸੋਚ ਕੇ ਬੋਲੇ :—

"ਨਿਰਬਾਣ ਸਿਘ ਜੀ! ਬਨਾਤ ਤੇ ਚੀਨ ਖਾਫ਼ ਦੇ ਚੋਗੇ ਸੰਦੂਕਾਂ ਵਿਚ ਪਏ ਰਹਿਣ ਦਿਉ। ਹੁਣ ਇਨ੍ਹਾਂ ਦੀ ਲੋੜ ਨਹੀਂ। ਗੁਰੂ ਪਹਿਨਾਇਗਾ ਤਾਂ ਉਸੇ ਦਿਨ ਪਹਿਨਾਂਗੇ ਜਿਸ ਦਿਨ ਧਰਮ ਦੀ ਸਥਾਪਨਾ ਹੋ ਜਾਵੇਗੀ। ਜਿਸ ਦਿਨ ਪਾਪ ਰਾਜ ਦਾ ਨਾਸ਼ ਹੋ ਜਾਵੇਗਾ। ਜਿਸ ਦਿਨ ਫਿਰ ਇਸ ਰਾਮਦਾਸਪੁਰੇ ਅਤੇ ਇਸ ਸਾਧ ਸੰਗਤ ਦੇ ਦਰਸ਼ਨ ਹੋਣਗੇ ਹੁਣ ਤੇ ਉਹ ਕੰਬਲ ਲਿਆਉ ਜੋ ਉਸ ਦਿਨ ਇਕ ਮਾਈ ਸ਼ਰਧਾ ਭਾਵਨੀ ਨਾਲ ਲਿਆਈ ਸੀ। ਦੁਸ਼ਾਲੇ ਪਏ ਰਹਿਣ ਦੇ ਟੌਸਰੀਆਂ ਧਰੀਆਂ ਰਹਿਣ ਦੇ। ਅੱਜ ਕੰਬਲੀ ਦੀ ਹੀ ਦਸਤਾਰ ਸਜਾਵਾਂਗੇ ਅਤੇ ਕੰਬਲ ਹੀ ਉਤੇ ਲਵਾਂਗੇ। ਅੱਜ ਅੱਸੀ ਕੁਝ ਚਿਰ ਲਈ ਇਸ ਸਾਧ ਸੰਗਤ ਤੋਂ ਵੱਖ ਹੋਣਾ ਏ, ਜਿਸ ਬਿਨਾਂ ਇਕ ਖਿਨ ਇਕ ਪਲ ਵਰ੍ਹੇ ਦਾ ਲਗਦਾ ਸੀ, ਅੱਜ ਅੱਸੀਂ ਪਿਆਰੇ ਪਿਤਾ ਨੂੰ ਫਿਰ ਰੋਂਦਿਆਂ ਛੱਡ ਕੇ ਟੁਰਨਾ ਏ, ਜਿਹੜਾ ਇਕ ਵਾਰੀ ਅੱਗੇ ਸਾਡੇ ਵਿਯੋਗ ਵਿਚ ਪ੍ਰਾਣ ਗੁਆ ਚੁੱਕਾ



Namdhari Elibrary NamdhariElibrary@gmail.com

ਏ। ਅੱਜ ਅਸਾਂ ਉਸ ਸਾਧ ਸੰਗਤ ਨੂੰ ਰੋਂਦਿਆਂ ਛੱਡਣਾ ਏ, ਜੋ ਸਾਨੂੰ ਪ੍ਰਾਣਾਂ ਤੋਂ ਵਧੀਕ ਪਿਆਰੀ ਅਤੇ ਪੁੱਤਾਂ ਤੋਂ ਵੱਧ ਲਾਡਲੀ ਏ, ਜਿਸ ਦਾ ਵਿਛੋੜਾ ਸਾਡੇ ਲਈ ਮਹਾਂਦੁਖਦਾਈ ਏ, ਅਸਹਿ ਏ, ਅਕਹਿ ਏ।"[1]

ਛੋਟੇ ਭਾਈ ਬੁੱਧ ਸਿੰਘ ਜੀ ਨੇ ਸਤਿਗੁਰੂ ਜੀ ਨੂੰ ਜੋਦੜੀਆਂ ਕਰਦਿਆਂ ਕਿਹਾ "ਦੀਨ ਦਿਆਲ ਤੇਰੀ ਇਹ ਸੰਗਤ ਵਿਛੋੜੇ ਦਾ ਦੁੱਖ ਝਲਣ ਜੋਗੀ ਨਹੀਂ, ਮਿਹਰ ਕਰ ਤੇ ਇਸ ਦੀ ਸਾਰ ਸੰਭਾਲਣਾ ਤੂੰ ਆਪ ਹੀ ਕਰ! ਤੂੰ ਏਥੇ ਰਹਿ, ਮੈਂ ਤੇਰੇ ਥਾਂ ਪ੍ਰਦੇਸ ਜਾਂਦਾ ਹਾਂ ਅਜੇ ਸੰਗਤ ਇਆਣੀ ਏ। ਅਜੇ ਇਹ ਪੰਥਕ ਬੂਟਾ ਮਚਹਿਰ ਏ, ਨੰਨ੍ਹਾ ਏ। ਯਤੀਮ ਏ। ਮਿਹਰ ਕਰਕੇ ਸਾਡੇ ਗਰੀਬਾਂ ਦੇ ਸਦਕੇ, ਆਪਣੇ ਕਿਸੇ ਪਿਆਰੇ ਦੇ ਸਦਕੇ, ਆਪਣੇ ਕਿਸੇ ਆਪਣੇ ਦੇ ਸਦਕੇ ਇਸ ਦੀ ਦੇਖ ਭਾਲ ਤੂੰ ਆਪ ਕਰ, ਇਸ ਦੀ ਪ੍ਰਵਰਸ਼ ਕਰੇਂ, ਇਸਦੇ ਸਿਰ ਤੇ ਹੱਥ ਰੱਖ। ਮੈਂ ਹੁਣੇ ਗਏ ਕੋਲ ਜਾਂਦਾ ਹਾਂ ਅਤੇ ਜਾ ਕੇ ਆਖਦਾ ਹਾਂ ਪਾਤਸ਼ਾਹ ਬੇਖਬਰ ਹਨ, ਉਨ੍ਹਾਂ ਨੂੰ ਕੋਈ ਪਤਾ ਨਹੀਂ। ਕਸੂਰ ਮੇਰਾ ਏ ਮਸਤਾਨੇ ਮੈਂ ਟੋਰੇ ਹਨ। ਕੂਕਿਆਂ ਮੈਂ ਮਰਵਾਏ ਹਨ, ਰੌਲਾ ਮੈਂ ਪਾਇਆ ਹੈ, ਇਸਦੀ ਸਜ਼ਾ ਮੈਨੂੰ ਕੱਲੇ ਨੂੰ ਹੀ ਮਿਲਣੀ ਚਾਹੀਦੀ ਏ। ਪਿਆਰੇ ਤੂੰ ਨਾ ਜਾਹ, ਤੇਰੇ ਖਾਤਰ ਮੈਂ ਆਪਣੇ ਪ੍ਰਾਣਾਂ ਦੀ ਬਲੀ ਦੇ ਸਕਦਾ ਹਾਂ। ਟੋਟੇ ਟੋਟੇ ਹੋ ਸਕਦਾ ਹਾਂ, ਪਰ ਤੇਰਾ ਮਹਾਂਦੁਖਦਾਈ ਵਿਛੋੜਾ ਸਹਿਣ ਦੀ ਮੇਰੇ ਵਿਚ, ਤੇਰੇ ਪਿਆਰੇ ਪੰਥ ਵਿਚ, ਤੇਰੀ ਗਰੀਬ ਸਾਧ ਸੰਗਤ ਵਿਚ ਸ਼ਕਤੀ ਨਹੀਂ। ਤਾਕਤ ਨਹੀਂ। ਬੱਸ ਇਕ ਪਾਸੇ ਤੇਰਾ ਵਿਛੋੜਾ ਏ ਦੂਜੇ ਪਾਸੇ ਕਈਆਂ ਦੀ ਮੌਤ ਏ"

ਸ੍ਰੀ ਸਤਿਗੁਰੂ ਜੀ ਦੇ ਕੁਝ ਸਿੱਖਾਂ ਨੇ ਬੇਸ਼ਕ ਜਾਬਰ ਸਰਕਾਰ, ਉਸ ਦੇ ਝਾਣਤਿਆਂ ਅਤੇ ਕਰੀਂਦਿਆਂ ਵਿਰੁੱਧ ਭਗਉਤੀਆਂ ਸੂਤ ਲਈਆਂ ਸਨ, ਪਰ ਸ੍ਰੀ ਸਤਿਗੁਰੂ ਜੀ ਭਾਰਤ ਵਿਚ ਸ਼ਾਂਤਮਈ ਅਸਹਿਯੋਗ ਅੰਦੋਲਨ ਦੇ ਜਨਕ ਸਨ ਜੋ ਆਪਣੇ ਸੇਵਕਾਂ ਨੂੰ ਮਨੁਖ ਤਾਂ ਕੀ ਕੀੜੀ ਮਾਰਨ ਤੋਂ ਵੀ ਹਟਕਦੇ ਸਨ। ਆਪ ਦੇ ਇਸੇ ਸਿਧਾਂਤ ਨੂੰ ਚੱਕਰਵਰਤੀ ਜੀ ਦੀ ਇਸ ਰਚਨਾ ਵਿਚ ਇਉਂ ਪ੍ਰਤੀਪਾਦਿਤ ਕੀਤਾ ਗਿਆ ਹੈ- "ਰੇਲ ਵਿਚ ਬੈਠਿਆਂ ਬਾਬੇ ਸਾਹਿਬ ਸਿੰਘ ਜੀ ਕਿਹਾ– 'ਕੁਝ ਹੱਥ ਨਾ ਵਿਖਾਏ, ਫਰੰਗੀ ਐਂਵੇਂ ਹੀ ਫੜ ਲਿਆਏ' ਹੁਕਮ ਹੋਇਆ–"ਅੰਗਰੇਜ਼ਾਂ ਦੀ ਜੜ੍ਹ ਪੱਟ ਕੇ ਹਥੇਲੀ ਉਤੇ ਰੱਖੀ ਹੋਈ ਏ, ਜੇ ਤੁਸੀਂ ਲੜਾਈ ਕਰਦੇ ਤਾਂ ਪਤਾਲ ਵਿਚ ਚਲੀ ਜਾਣੀ ਸੀ।"

ਅੰਗਰੇਜ਼ ਸਰਕਾਰ ਦੀਆਂ ਨਜ਼ਰਾਂ ਵਿਚ, 'ਦੇਸ਼ ਨਾਲ ਪਿਆਰ, ਆਪਣੀ ਮਾਤਰ ਭੂਮੀ ਨਾਲ ਪਿਆਰ, ਆਜ਼ਾਦੀ ਦੇ ਸੋਹਲੇ ਗਾਉਣਾ ਅਤੇ ਸੁਤੰਤਰਤਾ ਦੇ ਸੁਪਨੇ ਲੈਣਾ, ਬਹੁਤ ਵੱਡਾ ਅਪਰਾਧ ਸੀ, ਜਿਸ ਜੁਰਮ ਹੇਠ ਕੂਕੇ ਸਿੱਖ ਫਾਂਸੀਆਂ ਤੇ ਲਟਕਾਏ ਗਏ ਤੋਪਾਂ ਅੱਗੇ ਉਡਾਏ ਗਏ। ਆਪਣੇ ਸਤਿਗੁਰੂ ਤੇ ਸੂਬਿਆਂ ਸਮੇਤ ਦੇਸ ਬਦਰ ਕੀਤੇ ਗਏ, ਕੂਕਾ ਕੇਂਦਰ ਸ੍ਰੀ ਭੈਣੀ ਸਾਹਿਬ ਵਿਚ ਲੁੱਟ ਮਚਾਈ ਗਈ ਅਤੇ ਪਾਣੀ ਹਾੜੇ ਤੱਕ ਪੁਟਾਈ ਕੀਤੀ ਗਈ, ਭਾਈ ਧੌਕਲ ਸਿੰਘ ਗਰੇਵਾਲ ਜਿਹਾਂ ਨੂੰ ਲੋਹੇ ਦੇ ਪਿੰਜਰੇ ਵਿਚ ਬੰਦ ਕਰ ਦਿੱਤਾ ਗਿਆ। ਇਸ ਤਰ੍ਹਾਂ ਭਾਈ ਹੀਰਾ ਸਿੰਘ ਬੈਰਮਾਲੋ ਪੁਰ ਵਾਲਿਆਂ ਨਾਲ ਵਾਪਰਿਆ ਦ੍ਰਿਸ਼ਟਾਂਤ, ਸਾਡੇ ਖੂਨੀ ਇਤਿਹਾਸ ਵਿਚ ਪਰਿਵਰਤਿਤ ਹੋ ਜਾਂਦਾ ਹੈ।

ਫਿਰ ਇਲਾਹਾਬਾਦ ਦੇ ਕਿਲੇ ਵਿਚ ਕੈਦ ਸ੍ਰੀ ਸਤਿਗੁਰੂ ਜੀ ਅਤੇ ਸੂਬਿਆਂ ਦੇ ਦ੍ਰਿਸ਼ ਨੂੰ ਉਨ੍ਹਾਂ ਦੇ ਆਪਸੀ ਸਬੰਧਾਂ ਨੂੰ ਮੂਰਤੀਮਾਨ ਕਰਨ ਲਈ ਸਾਡਾ ਲੇਖਕ ਗੁਰਬਾਣੀ ਦਾ ਸਹਾਰਾ ਲੈਂਦਾ ਹੈ .

"ਕਨਿਕ ਮੰਦਰ ਪਾਟ ਸੇਜ ਸਖੀ
ਮੋਹਿ ਨਾਹਿ ਇਨ ਸਿਉ ਤਾਤ॥
ਮੁਕਤ ਲਾਲ ਅਨਿਕ ਭੋਗ ਬਿਨੁ ਨਾਮ ਨਾਨਕ ਹਾਤ॥
ਰੂਖੋ ਭੋਜਨੁ ਭੂਮਿ ਸੈਨ ਸਖੀ
ਪ੍ਰਿਅ ਸੰਗਿ ਸੂਖਿ ਬਿਹਾਤ॥

ਏਥੇ ਹੀ ਨਾਮ, ਬਾਣੀ ਅਤੇ ਸਿਦਕ ਵਿਚੋਂ ਵੱਡਾ ਦਰਜਾ ਕੀਹਦਾ ਹੈ, ਸਤਿਗੁਰੂ ਜੀ ਅਤੇ ਸੂਬਿਆਂ ਦੀ ਗੋਸ਼ਟ ਹੁੰਦੀ ਹੈ ਅਤੇ ਫੈਸਲਾ ਸਿਦਕ ਦੇ ਹੱਕ ਵਿਚ ਹੁੰਦਾ ਹੈ। ਸ. ਮੰਗਲ ਸਿੰਘ ਜਿਸ ਬਾਰੇ ਥੀਨੀ ਥੋੜੀ ਮੋਖਾ ਟੇਕੀ ਸੀ, ਪਰਿਵਾਰਿਕ ਪਿਛੋਕੜ ਕਾਰਨ ਸਾਮੰਤਵਾਦੀ ਜੀਵਨ ਮੁੱਲਾਂ ਦੀ ਗ੍ਰਿਫਤ ਵਿਚ ਆ ਕੇ ਇਨਕਲਾਬੀ ਰਸਤੇ ਤੋਂ ਭਟਕ ਕੇ ਬੇਸਿਦਕ ਹੋ ਗਿਆ ਸੀ ਅਤੇ ਵਾਪਸ ਪਰਤ ਗਿਆ ਸੀ, ਇਲਾਹਾਬਾਦੋਂ ਹੀ। ਸਤਿਗੁਰੂ ਜੀ ਹੁਣ ਇਕ ਵੇਰ ਫਿਰ ਆਪਣੇ ਸੂਬਿਆਂ ਤੋਂ ਵਿੱਛੜਦੇ ਹਨ। ਦ੍ਰਿਸ਼ ਭੈਣੀ ਸਾਹਿਬ ਤੋਂ ਤੁਰਨ ਵਾਲਾ ਦੋਬਾਰਾ ਕਿਉਂ ਰਾਹ ਵਾਲਾ ਸਿਰਜਿਆ ਜਾਂਦਾ ਹੈ। ਇਲਾਹਾਬਾਦ ਹੀ ਆਪ ਨੂੰ ਇਹ ਖਬਰ ਮਿਲਦੀ ਹੈ ਕਿ ਹਿੰਦ ਦਾ ਵਾਇਸਰਾਏ ਲਾਰਡ ਮੇਓ, ਜਿਸ ਦੀ ਸਤਿਗੁਰੂ ਜੀ ਅਤੇ ਸੂਬਿਆਂ ਨੂੰ ਫਾਂਸੀ ਤੇ ਲਟਕਾ ਕੇ, ਕੂਕਾ ਬਗਾਵਤ ਵੱਲੋਂ ਸਦਾ ਲਈ ਨਿਸ਼ਚਿੰਤ ਹੋਣ ਦੀ ਯੋਜਨਾ ਸੀ, ਕਾਲੇ ਪਾਣੀਆਂ ਵਿਚ ਇਕ ਪਠਾਣ ਦੇ ਹੱਥੋਂ ਕਤਲ ਹੋ ਜਾਂਦਾ ਹੈ ਅਤੇ ਉਸ ਦੇ ਮਨਸੂਬੇ ਧਰੇ ਧਰਾਏ ਰਹਿ ਗਏ। ਸ੍ਰੀ ਸਤਿਗੁਰੂ ਜੀ ਔਂਧੀ ਰਾਤ ਪਟਨੇ ਸਾਹਿਬ ਦੇ ਸਟੇਸ਼ਨ ਤੋਂ ਗੱਡੀ ਵਿਚ ਲੰਘਦੇ ਹਨ–ਚੱਕਰਵਰਤੀ ਜੀ ਦਸਮੇਸ਼ ਸੁਆਮੀ ਦੇ ਸੌ ਸਾਖੀ ਵਿਚਲੇ ਵਾਕਾਂ ਨੂੰ ਇਉਂ ਜੋੜਦੇ ਹਨ ਇਸ ਪਰਸੰਗ ਵਿਚ –

"ਜਨਮ ਭੂਮਿ ਮੇਰੀ ਹੈ ਪਟਨਾ। ਦੇਖੂਗਾ ਜਿਉਂ ਰਾਤੀ ਸੁਪਨਾ।"

ਤੇ ਜਦੋਂ ਕਲਕੱਤੇ ਬੰਦਰਗਾਹ ਤੋਂ ਜਹਾਜ਼ ਤੇ ਸੁਆਰ ਹੁੰਦੇ ਹਨ ਤਾਂ "ਬੰਗਾਲ ਦਾ ਲਾਟ ਆ ਕੇ ਪੁੱਛਦਾ ਏ ਬਾਬਾ ਰਾਮ ਸਿੰਘ ਰਾਜ਼ੀ ਹੋ?"

"ਗੁਰੂ ਜੀ ਮੁਸਕਰਾਂਦੇ ਹੋਏ ਆਂਹਦੇ ਹਨ 'ਜੇਹੋ ਜੇਹੇ ਅਸੀਂ ਰਾਜ਼ੀ ਹਾਂ, ਤੇਹੋ ਜੇਹੇ ਸਤਿਗੁਰੂ ਤੁਹਾਨੂੰ ਵੀ ਕਰੇ। ਤੁਹਾਡੇ



Namdhari Elibrary NamdhariElibrary@gmail.com

ਦੁਆਲੇ ਭਰੀਆਂ ਬੰਦੂਕਾਂ ਦੇ—ਸੰਗੀਨਾਂ ਦੇ— ਪਹਿਰੇ ਹੇਠ ਫਿਰ ਅਸੀਂ ਪੁੱਛੀਏ ਸੁਣਾਉ ਸਾਹਿਬ! ਰਾਜ਼ੀ ਹੋ ? ਰਾਜ਼ੀ ਦਾ ਪਤਾ ਫਿਰ ਲੱਗੇਗਾ। ਹੁਣ ਕੀ ਦੱਸੀਏ" ਜੁਆਬ ਉਡੀਕਨ ਤੋਂ ਬਿਨਾ ਹੀ ਨਾਲੇ, ਸਾਹਿਬ-ਸ੍ਰੀ ਸਤਿਗੁਰੂ ਰਾਮ ਸਿੰਘ ਜੀ ਜਹਾਜ਼ 'ਤੇ ਚੜ੍ਹਦੇ ਜਾ ਰਹੇ ਹਨ ਨਾਲੇ ਪਿਛੇ ਮੁੜ ਕੇ ਹੱਥ ਕਰਕੇ ਆਖਦੇ ਜਾ ਰਹੇ ਹਨ .

'ਗੱਲਾਂ ਦਿਲ ਦੀਆਂ ਦਿਲ ਦੇ ਵਿਚ ਰਹੀਆਂ,
ਸਭੇ ਪੂਰੀਆਂ ਕਰ ਵਿਖਾਣੀਆਂ ਨੇ।
ਤੁਸਾਂ ਸਾਨੂੰ ਸਿਆਲ ਵਿਚ ਕੱਢਿਆ ਏ,
ਅਸੀਂ ਹਾੜ ਮੁਸੀਬਤਾਂ ਖਾਣੀਆਂ ਨੇ।"

"ਚੜ੍ਹਨ ਦੀ ਦੇਰ ਸੀ। ਜਹਾਜ਼ ਤਿਆਰ ਸੀ। ਵਿਸਲ ਦਿਤਾ ਅਤੇ ਤੁਰ ਪਿਆ। ਕਿੱਥੇ ਨੂੰ ? ਕੌਣ ਦੱਸੇ, ਕਿਸਨੂੰ ਪੁੱਛਣ ਕੋਈ ਆਪਣਾ ਨਹੀਂ, ਕੋਈ ਵਤਨੀ ਨਹੀਂ, ਹਮਸਾਇਆ ਨਹੀਂ। ਸਭ ਓਪਰੇ, ਸਭ ਵਿਦੇਸ਼ੀ। ਖਲਾਸੀ ਤੱਕ ਗੋਰੇ। ਸ੍ਰੀ ਗੁਰੂ ਜੀ ਆਂਹਦੇ ਹਨ—

"ਨਾਨੂੰ ਸਿੰਘ (ਹਜ਼ੂਰੀ ਸੇਵਕ ਜੋ ਸੇਵਾ ਵਾਸਤੇ ਨਾਲ ਜਾ ਰਿਹਾ ਸੀ, ਆਪ ਸਹੇੜੀ ਕੈਦ ਕੱਟਣ ਲਈ)। ਵਈ ਅੱਜ ਰੱਜ ਕੇ ਭਾਰਤ ਭੂਮੀ ਦੇ ਦਰਸ਼ਨ ਕਰ ਲੈ। ਫਿਰ ਕੁਝ ਦਿਨ ਇਹ ਧਰਤੀ ਵੇਖਣੀ ਨਸੀਬ ਨਹੀਂ ਹੋਣੀ। ਇਸ ਦੇ ਸੁਪਨੇ ਆਇਆ ਕਰਨਗੇ। ਫਿਰ ਇਸ ਦੀ ਮਿੱਟੀ ਨੂੰ ਪਏ ਤਰਸਾਂਗੇ।" ਮਾਤਰ ਭੂਮੀ ਨੂੰ ਸੰਬੋਧਨ ਕਰਕੇ ਆਖਦੇ ਹਨ— 'ਦੇਵੀ ਭਾਰਤ! ਫਿਕਰ ਨਾ ਕਰੀਂ, ਅੱਜ ਭਾਵੇਂ ਤੇਰੇ ਨਾਲਾਇਕ ਪੁੱਤਰਾਂ ਸਾਡਾ ਸਾਥ ਨਹੀਂ ਦਿੱਤਾ, ਮੈਂ ਭਾਵੇਂ ਅੱਜ, ਤੇਰੀ ਆਜ਼ਾਦੀ ਹਿੱਤ ਦੇਸ਼ ਨਿਕਾਲਾ ਲੈ ਰਿਹਾ ਹਾਂ, ਮੇਰੇ ਇਹ ਦੇਸ਼ ਛੱਡ ਜਾਣ ਨੂੰ ਕਿਸੇ ਬੁਰਾ ਮਹਿਸੂਸ ਨਹੀਂ ਕੀਤਾ, ਪਰ ਥੋੜ੍ਹੇ ਚਿਰ ਨੂੰ ਇਨ੍ਹਾਂ ਲੋਕਾਂ ਦੀਆਂ ਅੱਖੀਆਂ ਖੁੱਲ੍ਹਣਗੀਆਂ। ਫੇਰ ਇਹ ਆਪਣੇ ਇਸ ਪਾਪ ਦਾ ਪ੍ਰਾਸ਼ਚਿਤ ਕਰਨਗੇ। ਜਿਹੜੀ ਆਜ਼ਾਦੀ ਦੀ ਦੁਸ਼ਮਨਾਂ ਦੇ ਘਾ ਦੀ ਬਗਾਵਤ ਦੀ ਅੱਗ ਮੈਂ ਲਾ ਚੱਲਿਆ ਹਾਂ, ਇਹ ਕਰੋੜ ਯਤਨ ਕਰਨ ਤੇ ਵੀ ਬੁੱਝ ਨਹੀ ਸਕੇਗੀ। ਸਗੋਂ ਦਿਨੋ ਦਿਨ ਭਿਆਨਕ ਸ਼ਕਲ ਅਖਤਿਆਰ ਕਰਦੀ ਜਾਵੇਗੀ। ਜਿਨਾ ਚਿਰ ਤੂੰ ਆਜ਼ਾਦ ਨਾ ਹੋ ਲਵੇਂ, ਜਿੰਨਾ ਚਿਰ ਤੂੰ ਬੰਧਨ ਮੁਕਤ ਨਾ ਹੋ ਜਾਵੇਂ, ਜਿੰਨਾ ਚਿਰ ਤੇਰੀ ਬੰਦ ਖਲਾਸ ਨਾ ਹੋ ਜਾਵੇ, ਓਨਾ ਚਿਰ ਇਹ ਲਾਟਾਂ ਛੱਡਦੀ ਹੀ ਰਹੇਗੀ।"[9]

ਚੱਕਰਵਰਤੀ ਜੀ ਦੀ ਸ਼ੈਲੀ ਮੁਹਾਵਰੇਦਾਰ ਹੈ। ਭਾਸ਼ਾ ਕਾਵਿਕ ਹੈ। ਵਾਕ ਬਣਤਰ ਖਿੱਚ ਪਾਉਣ ਵਾਲੀ। ਪ੍ਰਕਿਰਤੀ ਚਿਤਰਣ ਵਿਚ ਵੀ ਉਨ੍ਹਾਂ ਨੂੰ ਕਮਾਲ ਹਾਸਲ ਹੈ। ਉਹ ਇਕੋ ਸਮੇਂ ਚੈਨ, ਹੁਲਾਸ ਅਤੇ ਵੈਰਾਗ ਵਾਲੀ ਮਨੋਦਸ਼ਾ ਨੂੰ ਚਿਤਰਨ ਦੇ ਸਮਰੱਥ ਹਨ। ਜਿੱਡਾ ਵੱਡਾ ਸਤਿਗੁਰੂ ਰਾਮ ਸਿੰਘ ਹੈ, ਓਡੀ ਵੱਡੀ ਕੀਰਤੀ ਦਾ ਸੁਆਮੀ ਉਸ ਦਾ ਇਹ ਅਦਨਾ ਲਿਖਾਰੀ ਸੰਤ ਇੰਦਰ ਸਿੰਘ ਚੱਕਰਵਰਤੀ ਹੈ ਨਿੱਬੜਿਆ ਹੈ।

ਇਸ ਕਾਲਜਈ ਰਚਨਾ ਦਾ ਅੰਤ ਵੀ ਚੱਕਰਵਰਤੀ ਜੀ ਨੇ ਬੜੀ ਮਨੋਹਰ ਸ਼ੈਲੀ ਅਤੇ ਗੁਰਵਾਕਾਂ ਦੁਆਰਾ ਇਉਂ ਕੀਤਾ ਹੈ।

"ਯਾਤਰੀਆਂ ਨੂੰ ਹੁਣ ਨਾ ਧਰਤੀ ਦਿਸਦੀ ਏ, ਨਾ ਪਹਾੜ। ਨਾ ਰੁੱਖ ਦਿਸਦੇ ਹਨ, ਨਾ ਦਰਖਤ ਦਿਸਦਾ ਏ, ਸਿਰਫ ਸਮੁੰਦਰ ਦਾ ਗੂਹੜਾ ਨੀਲਾ ਪਾਣੀ ਅਤੇ ਵਿਕਰਾਲ ਗਰਜਨ ਕਰਦੀਆਂ ਹੋਈਆਂ ਮਦ ਮਸਤ ਸਮੁੰਦਰੀ ਲਹਿਰਾਂ, ਜਾਂ ਉੱਪਰ ਦਿਸਦਾ ਏ, ਸਿਰ ਧੁਨਦਾ ਹੋਇਆ ਨੀਲਾ ਅਕਾਸ਼।

"ਸਾਡੇ ਸੋਹਣੇ ਯਾਤਰੀ ਆਪਣੀ ਧੁਨਿ ਵਿਚ ਮਸਤ, ਆਪਣੇ ਅਨੰਦ ਵਿਚ ਮਗਨ, ਚੈਨ ਵਿਚ, ਹੁਲਾਸ ਵਿਚ, ਵੈਰਾਗ ਵਿਚ, ਡੈਕ ਤੇ ਖਲੋਤੇ ਨਾਲ ਸਮੁੰਦਰ ਦੀਆਂ ਲਹਿਰਾਂ ਦੀਆਂ ਮੌਜਾਂ ਤੱਕ ਰਹੇ ਹਨ, ਨਾਲੇ ਗਾ ਰਹੇ ਹਨ—

"ਨਦੀਆਂ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ।
ਜੁਗ ਜੁਗ ਮੀਠਾ ਵਿਸੁਤਰੇ ਕੋ ਜਾਣੈ ਜੋਗੀ ਰਾਮ।"[10]

ਇਸ ਰਚਨਾ ਦੁਆਰਾ ਚਕਰਵਰਤੀ ਜੀ ਰਾਮ ਵਿਓਗੀਆਂ ਦੀ ਕਤਾਰ ਵਿਚ ਵੀ ਉਹ ਦੁਮਾਲੜੇ ਬਣ ਕੇ ਖਲੋਤੇ ਨਜ਼ਰ ਆਉਂਦੇ ਹਨ ਅਤੇ ਨਾਮਧਾਰੀ ਦੇਸ਼ ਭਗਤਾਂ ਦੀ ਉਸ ਕਤਾਰ ਵਿਚ ਵੀ ਜਿਹਨਾਂ ਦੀ ਕਲਮ ਤੋਂ ਵਿਦੇਸ਼ੀ ਸਰਕਾਰ ਬੰਦੂਕ ਦੀ ਗੋਲੀ ਤੋਂ ਵੱਧ ਭੈ ਭੀਤ ਸੀ। ਉਹ ਬਾਰਾਂ ਮਾਹ ਦਾ ਕਵੀ ਭਾਈ ਚੰਦਾ ਸਿੰਘ ਚੱਖਰ ਸੀ, ਜਾਂ ਕਾਵਿ ਪੁਸਤਕ "ਸੰਤ ਖਾਲਸਾ" ਦਾ ਰਚੇਤਾ ਭਾਈ ਹਰਨਾਮ ਸਿੰਘ ਬਗੁਲੀ ਵਾਲਾ ਜਾਂ ਹੋਰ ਬਹੁਤ ਸਾਰੇ ਅਨਾਮ ਗੁਰੂ ਪਿਆਰੇ। ਨਿਸ਼ਚੇ ਹੀ ਸੰਤ ਇੰਦਰ ਸਿੰਘ ਚੱਕਰਵਰਤੀ ਨੇ, ਭਖਤ ਬੁਦਾ ਅੰਕ ਦੀ ਇਸ ਸਿਰਮੌਰ ਰਚਨਾ ਵਿਚ, ਸਾਡੀ ਅਮੁੱਲ ਧਰੋਹਰ ਸਿਰਜ ਦਿੱਤੀ ਹੈ।

*—ਕਰੀਵਾਲਾ (ਸਿਰਸਾ)*
*11.11.2006*

**ਫੁੱਟ ਨੋਟ**

1. ਮਾਲਵੇਂਦ੍ਰ ਬਾਰੇ (ਭੂਮਿਕਾ ਮਹਾਂਕਾਵਿ ਮਾਲਵੇਂਦ੍ਰ) ੧੯੫੭ ਈ. ਦਿੱਲੀ-ਸਫਾ 'ਡ'
2. ਸਤਿਜੁਗ ਦਾ ੭੦ ਸਾਲਾ ਵਿਸ਼ੇਸ਼ ਅੰਕ-ਨਵੀਂ ਦਿੱਲੀ-੨੦੦੧ ਈ ਸਫਾ-੯੫
3. ਉਪਰੋਕਤ-ਸਫਾ ੯੭
4. ਉਪਰੋਕਤ-ਸਫਾ ੯੯
5. ਉਪਰੋਕਤ—ਸਫਾ ੧੦੦
6. ਉਪਰੋਕਤ— ਸਫਾ੧੦੨-੧੦੩
7. ਉਪਰੋਕਤ — ਸਫਾ੧੦੪-੧੦੫
8. ਉਪਰੋਕਤ-ਸਫਾ ੧੦੫
9. ਉਪਰੋਕਤ-ਸਫਾ ੧੧੧
10. ਉਪਰਓਕਤ — ਸਫਾ ੧੧੧



Namdhari Elibrary NamdhariElibrary@gmail.com

# ਨਾਨਕ ਨੂਰ ਕੰਪੀਟੀਸ਼ਨ ਸਿਡਨੀ ਅਸਟਰੇਲੀਆ

ਨਾਨਕ ਨੂਰ ਕੰਪੀਟੀਸ਼ਨ, ੧੯੯੯ ਤੋਂ, ਸਿਡਨੀ ਵਿੱਚ, ਦਲਬੀਰ ਸਿੰਘ ਪੂਨੀ ਵਲੋਂ ਅਰੰਭਿਆ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਰਕਾਸ਼ ਪੁਰਬ ਦੀ ਜਸ਼ਨ ਮਨਾਈ ਹੈ। ਅੱਜ ਕੱਲ ਇਹ ਅਰੇਂਜ, ਰਜਿਸਟਰਡ, 'ਸਿਡਨੀ ਸਿੱਖ ਸਪੋਰਟ ਤੇ ਗੁਰਮੁੱਖੀ ਗਰੁੱਪ' ਦੇ ਹੱਥਾਂ ਵਿੱਚ, ਬੜੇ ਆਦਰ ਸਤਿਕਾਰ ਨਾਲ ਸਿੱਖੀ ਦੇ ਮੁੱਖ ਸਰੂਪ ਵੱਲ ਧਿਆਨ ਰਖਦਿਆਂ, ਇਸ ਦੇ ਸਰੀਰਕ ਤੇ ਮਾਨਸਕ ਵਿਕਾਸ ਲਈ, ਆਪਣਾ ਪੂਰਨ ਫਰਜ਼ ਨਿਭਾ ਰਿਹਾ ਹੈ।

ਅਥਲੈਟਿਕਸ, ਸੌਕਰ ਤੇ ਕ੍ਰਿਕਟ ਦੇ ਨਾਲ ਨਾਲ, ਇਹ ਅਣ ਲਾਭਦਾਇਕ ਗਰੁੱਪ, ਗੁਰਮੁੱਖੀ ਤੇ ਜਪੁ ਜੀ ਸਾਹਿਬ ਪ੍ਰਤੀਯੋਗਤਾ ਨੂੰ ਬੜੇ ਸੁਚੱਜੇ ਢੰਗ ਨਾਲ ਪਰਬੰਧਕਦਾ ਚਲਾ ਆ ਰਿਹਾ ਹੈ।

ਭਾਰਤੀ ਉੱਪ ਮਹਾਂਦੀਪ ਦੇ ਕਿਸੇ ਭੀ ਐਥਲੀਟ ਜਾਂ ਟੀਮ ਨੂੰ ਪਰਬੰਧ ਅਨੁਸਾਰ, ਹਿੱਸਾ ਲੈਣ ਦੀ ਖੁੱਲੀ ਛੂਟ ਹੈ।

ਅਥਲੈਟਿਕਸ ਵਿਚ ਭਾਗ ਲੈਂਦਿਆਂ ਕਿਸੇ ਭੀ ਈਵੈਂਟ ਲਈ ਕੋਈ ਐਂਟਰੀ ਫੀਸ ਨਹੀਂ ਹੁੰਦੀ।

ਗੁਰਮੁਖੀ ਤੇ ਜੱਪੁ ਜੀ ਸਾਹਿਬ ਪ੍ਰਤੀਯੋਗਤਾ ਬਿਲਕੁਲ ਫਰੀ ਹੈ ਗਰੁੱਪ ਦੇ ਗੁਰਮੁਖੀ ਤਾਲਮੇਲੀ ਦਲਬੀਰ ਸਿੰਘ ਤੇ ਉਸ ਦੀ ਪਤਨੀ ਜਸਬੀਰ ਕੌਰ ਦੇ ਹੱਥ ਵਿੱਚ ਹੈ, ਜਿਸ ਦੇ ਅਧਾਰ ਤੇ ਇਹ ਵੱਖ ਵੱਖ ਸਕੂਲਾਂ ਗੁਰਦੁਆਰਿਆਂ ਆਦ ਤੋਂ ਪੁੱਜੇ ੫-੧੫ ਸਾਲ ਦੇ ਬੱਚੇ ਬੱਚੀਆਂ ਦੀ, ਉਸ ਦੇ ਆਪਣੇ ਧਰਮ ਅਨੁਸਾਰ ਪਰਖ ਕੇ ਇਕ ਸਰਬੋਤਮ ਬੱਚਾ-ਬੱਚੀ ਪੈਦਾ ਕਰਦੇ ਤੇ ਸਨਮਾਨਦੇ ਆ ਰਹੇ ਹਨ।

ਇਸ ਸਾਲ ੨੦੦੬ ਵਿੱਚ, ਇਹ ਜਸ਼ਨ ਅਥਲੈਟਿਕਸ ਦੁਆਰਾ, ੧੨ ਨਵੰਬਰ ਦਿਨ ਐਤਵਾਰ ਨੂੰ ਸ਼ਾਮ ਦੇ ਇੱਕ ਵਜੇ ਤੋਂ, ਸਦਾ ਵਾਂਗੂ, ਕਾਰਡੀ ਰੋਡ ਬਲੇਕਟਾਊਨ, ਐਲਨਰੌਬਨਸਨ ਰਿਜ਼ਰਵ ਵਿਖੇ, ਟਾਈਨੀ ਟੌਟਸ ਦੀ ਰੇਸ ਦੁਆਰਾ ਮਨਾਇਆ ਜਾਣਾ ਸ਼ੁਰੂ ਹੋਵੇਗਾ। ਅਗਲੀ ਰੇਸ ੩-੪ ਸਾਲ ਦੇ ਬੱਚਿਆਂ ਦੀ ਹੋਵੇਗੀ।

੫ ਸਾਲ ਤੋਂ ਅੱਗੇ ਦਾ ਹਰ ਵਿਅਕਤੀ-ਇਸਤ੍ਰੀ ਪੁਰਖ ਦੇ ਨਿਯੁਕਤ ਕੀਤੇ ਗਏ, ਈਵੈਂਟਸ ਵਿੱਚ ਭਾਗ ਲੈ ਸਕਦਾ ਹੈ।

ਯੋਗ ਮੁਕਾਬਲਾ ਪੈਦਾ ਕਰਨ ਲਈ ਉਮਰਾਂ ਵਿੱਚ ਗਰੁੱਪਿੰਗ ਕੀਤੀ ਗਈ ਹੈ।

ਹਰ ਗਰੁੱਪ ਦੇ ਪਹਿਲੇ ਤਿੰਨ ਜੇਤੂ ਮੈਡਲ-ਰਿਬੀ ਨਾਲ ਸਨਮਾਨੇ ਜਾਂਦੇ ਹਨ।

ਓਪਨ ਗਰੁੱਪ ਵਿੱਚੋਂ 'ਲਾਇਨ ਆਫ ਦੀ ਈਅਰ' ਚੁਣਿਆ ਜਾਵੇਗਾ।

ਮੈਡਾਲੀਅਨ ਦੇ ਨਾਲ ਨਾਲ ਓਪਨ ਜੂਨੀਅਰ ਵੈਟਰਨ ਦੇ ਦੋਵਾਂ ਇਸਤ੍ਰੀ ਪੁਰਖ ਬੈਸਟ ਐਥਲੀਟਾਂ ਨੂੰ ਨਕਦ ਇਨਾਮ ਭੀ ਹੋਣਗੇ ।

ਜਪੁ ਜੀ ਸਾਹਿਬ-ਗੁਰਮੁਖੀ ਸਰਬੋਤਮ ਪਰਾਈਜ਼ ਨਾਲ ਨਕਦ ਇਨਾਮ ਭੀ ਹੋਵੇਗਾ ।

ਬੈਸਟ ਐਥਲੀਟਾਂ ਤੇ 'ਲਾਇਨ ਆਫ ਦੀ ਈਅਰ' ਦੀ ਚੋਣ ਗਰੁੱਪ ਦੇ ਆਪਣੇ ਹੱਥ ਵਿੱਚ ਹੋਵੇਗੀ।

ਗੁਰਮੁਖੀ ਤੇ ਜਪੁਜੀ ਸਾਹਿਬ ਪ੍ਰਤੀਯੋਗਤਾ ਲਈ ਪ੍ਰੋਗਰਾਮ ਇਸ ਪਰਕਾਰ-੨੯ ਅਕਤੂਬਰ ਪਾਰਕਲੀ ਸਕੂਲ-੨੯ ਅਕਤੂਬਰ ਗਲੇਨਵੁੱਡ-੪ ਨਵੰਬਰ ਪਾਰਕਲੀ ਸਕੂਲ-੫ ਨਵੰਬਰ ਔਸਟਰਲ-੧੧ ਨਵੰਬਰ ਪਾਰਕਲੀ ਸਕੂਲ। ੧੨ ਨਵੰਬਰ ਅਥਲੈਟਿਕਸ ਤੇ ਪ੍ਰੈਜ਼ੈਂਟੇਸ਼ਨ।

ਸੌਕਰ ੧੯ ਨਵੰਬਰ, ਐਤਵਾਰ, ੯ਵਜੇ ਸਟਾਰਟ-ਵਿਲਸਨ ਪਾਰਕ, ਸਿਲਵਰ ਵਾਟਰ, ਪ੍ਰੈਜ਼ੈਨਟੇਸ਼ਨ ਦਿਨ ਦੇ ਅਖੀਰ।

ਪੁੱਛ ਗਿੱਛ ਲਈ ---------- ਮੁੱਖ ਪ੍ਰਬੰਧਕ ਗੁਰਲਾਲ ਸਿੰਘ ਪੂਨੀ-੯੬੨੦੯੯੨੭

ਗੁਰਮੁਖੀ ਤਾਲ ਮੇਲੀ ਦਲਬੀਰ ਸਿੰਘ ਪੂਨੀ-੯੬੨੦੯੯੨੭

—ਸਿਡਨੀ (ਅਸਟਰੇਲੀਆ) ਰੇਡੀਓ
ਦੀ ਅਨਾਊਂਸਮੈਂਟ



Namdhari Elibrary NamdhariElibrary@gmail.com

# GEMCO

GEMCO

## BICYCLE PARTS



DNV

00171-2005

AN ISO 9001:2000 COMPANY

Mfrs.

**G.S. MANKOO & CO.**

77-R, INDUSTRIAL AREA- B, LUDHIANA - 141003 INDIA
Ph : 0091-161-2546242, 2532142 Fax : 0091-161-2546542
Mob : 090766-24815 GRAMS : GEMCO

**GIANSON INDUSTRIES**

UCO Bank Street End, G.T. Road, Jugiana, Ludhiana- 141010
Ph: 0161-2532142, 2546242 Fax : 2546542




Namdhari Elibrary NamdhariElibrary@gmail com

# ਉਹ ਘਰ ਕੂਕਿਆਂ ਦਾ

—ਜਸਵਿੰਦਰ ਸਿੰਘ, ਫਿਲਾਡੈਲਫੀਆ

ਇਲਾਕਾ ਲਾਇਲਪੁਰ ਦਾ, ਚੱਕ ਨੰ ੧੧੯। ਇਸ ਇਲਾਕੇ ਵਿਚ ਜਲੰਧਰ ਜ਼ਿਲੇ ਦੇ ਪਿੰਡ ਹਰੀਪੁਰ ਤੋਂ ਜ਼ਿਮੀਂਦਾਰ ਆ ਕੇ ਵੱਸੇ ਸਨ ਕਿਉਂਕਿ ਬਾਰ ਦਾ ਇਲਾਕਾ ਅਜੇ ਥੋੜਾ ਚਿਰ ਹੀ ਹੋਇਆ ਸੀ ਆਬਾਦ ਹੋ ਗਿਆ ਸੀ । ਇਹ ਸਮਾਂ ਉਨੀਵੀਂ ਸਦੀ ਦੇ ਅਖੀਰਲੇ ਦਹਾਕਿਆਂ ਦਾ ਸੀ। ਚੱਕ ੧੧੦ ਵਿਚ ਕਾਫੀ ਜ਼ਿਮੀਂਦਾਰ ਸਫੇਦਪੋਸ਼ ਸਨ ਜਿਸ ਕਰਕੇ ਇਸ ਪਿੰਡ ਨੂੰ ਸਫੇਦਪੋਸ਼ਾਂ ਦਾ ਪਿੰਡ ਵੀ ਆਖਦੇ ਹੁੰਦੇ ਸਨ । ਜਾਣਕਾਰੀ ਅਨੁਸਾਰ ਇਸ ਪਿੰਡ ਦੇ ਕੁਝ ਜ਼ਿਮੀਂਦਾਰ ਅੱਜਕਲ ਸਾਹ ਪਿੰਡ ਵਿਚ ਬੈਠੇ ਹੋਏ ਹਨ ।

ਇਹਨਾਂ ਦਿਨਾਂ ਵਿਚ ਹੀ, ਅਰਥਾਤ ਉਨ੍ਹੀਵੀਂ ਸਦੀ ਦੇ ਅਖੀਰਲੇ ਦਹਾਕੇ ਵਿਚ ਪਿੰਡ ਦੇ ਲੁਹਾਰਾ ਤਰਖਾਣਾ ਕੰਮ ਲਈ ਇਕ ਰਾਮਗੜੀਆ ਪ੍ਰਵਾਰ ਲਿਆਂਦਾ ਗਿਆ। ਕਾਰੀਗਰ ਦਾ ਨਾਂ ਸੀ ਸ਼ੇਰ ਸਿੰਘ ਜੋ ਇਲਾਕਾ ਗੁਰਦਾਸਪੁਰ ਦੇ ਪਿੰਡ ਫਲਕੇਵੀ ਦਸੌਂਧਾ ਸਿੰਘ ਦਾ ਜੱਦੀ ਪੁਸ਼ਤੀ ਰਹਿਣ ਵਾਲਾ ਸੀ। ਪਿੰਡ ਫਲਕੇਵੀ ਦਸੌਂਧਾ ਸਿੰਘ ਅੰਮ੍ਰਿਤਸਰ- ਡੇਰਾਬਾਬਾ ਨਾਨਕ ਸੜਕ ਤੇ ਪਿੰਡ ਜੋਧੂਵਾਲ ਦੇ ਨੇੜੇ, ਮੁਖ ਸੜਕ ਤੋਂ ਕੁਝ ਕਿਲੋ-ਮੀਟਰ ਹਟ ਕੇ ਅੰਦਰ ਜਾ ਕੇ ਹੈ। ਕਾਰੀਗਰ ਸ਼ੇਰ ਸਿੰਘ ਹੱਥ ਦਾ ਸੁੱਚਾ ਅਤੇ ਵਿਹਾਰ ਦਾ ਇਮਾਨਦਾਰ ਸੀ । ਸ਼ੇਰ ਸਿੰਘ ਸਤਿਗੁਰੂ ਹਰੀ ਸਿੰਘ ਦੇ ਮੁੱਢਲੇ ਸਮੇਂ ਵਿਚ 'ਕੂਕਾ' ਬਣਿਆ ਸੀ ਅਤੇ ਰੰਗਤ ਨਾਮ ਸਿਮਰਨ ਦੀ ਇਤਨੀ ਚੜੀ ਸੀ ਕਿ ਹਰ ਸਮੇਂ ਕੰਮ ਕਾਰ ਕਰਦਿਆਂ ਭਜਨ ਬਾਣੀ ਕਰਨਾ ਅਤੇ ਹੇਕ ਲਾਕੇ ਉੱਚੀ ਉੱਚੀ ਸ਼ਬਦ ਪੜਨੇ । ਨੇਕ ਚਲਨੀ, ਇਮਾਨਦਾਰੀ ਅਤੇ ਕੰਮ ਕਾਰ ਦਾ ਸੁੱਚਾ ਪਨ ਹੀ ਸ਼ੇਰ ਸਿੰਘ ਨੂੰ ਲਾਇਲਪੁਰ ਜ਼ਿਲ੍ਹੇ ਦੇ ਚੱਕ ੧੧੯ ਵਿਚ ਆਉਣ ਦਾ ਸਬੱਬ ਬਣਿਆ।

ਸਾਰੇ ਕੂਕੇ ਫਿਰਕੇ ਨੂੰ ਸਰਕਾਰ ਅੰਗ੍ਰੇਜ਼ੀ ਭਾਰਤ ਵਿਚ ਆਪਣੇ ਸਾਮਰਾਜ ਲਈ ਵੱਡਾ ਖਤਰਾ ਮੰਨਦੀ ਸੀ, ਖਾਸ ਕਰ ਪੰਜਾਬ ਵਿਚ ਜਿਥੇ ੧੮੫੭ ਈ ਤੋਂ ਹੀ ਸਤਿਗੁਰੂ ਰਾਮ ਸਿੰਘ ਜੀ ਨੇ ਕੂਕਾ ਲਹਿਰ ਚਲਾ ਕੇ ਖਾਲਸਾ ਰਾਜ ਦੀ ਪੁਨਰ ਸਥਾਪਨਾ ਕਰਨ ਲਈ ਜ਼ਬਰਦਸਤ ਪ੍ਰਚਾਰ ਚਲਾਇਆ ਹੋਇਆ ਸੀ। ਇਹ ਸਮਾ ਸੀ ੧੮੬੦-੭੧ ਈ ਦੇ ਦੌਰਾਨ ਦਾ। ਮਾਰਚ-ਅਪ੍ਰੈਲ ੧੮੭੨ ਈ ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਬਦੇਸੀ ਸਾਮਰਾਜ ਵਿਰੁਧ ਇਕ ਵੱਡੇ ਵਿਦ੍ਰੋਹ ਦੀ ਤਿਆਰੀ ਕੀਤੀ ਹੋਈ ਸੀ ਅਤੇ ਪੰਜਾਬ ਭਰ ਵਿਚ ਸੂਬਿਆਂ ਅਤੇ ਪ੍ਰਚਾਰਕਾਂ ਰਾਹੀ ਪ੍ਰਚਾਰ ਕੀਤਾ ਹੋਇਆ ਸੀ ਕਿ ਨਾਮਧਾਰੀ ਸਿੱਖ ਕੋਈ ਨਵਾਂ ਮਕਾਨ ਨਾ ਬਣਾਵੇ, ਜ਼ਮੀਨਾਂ-ਜੈਦਾਦਾਂ ਨਾ ਖਰੀਦੇ, ਮਾਈਆਂ ਪੂਰੀ ਰਹਿਤ ਮਰਯਾਦਾ ਰੱਖਣ ਅਤੇ ਸਾਰੇ ਹੀ ਮਾਈ ਅਤੇ ਭਾਈ ਔਣ ਵਾਲੇ ਸੰਘਰਸ਼ ਲਈ ਤਿਆਰ ਰਹਿਣ ਅਤੇ ਨਕਦ ਮਾਇਆ ਆਪਣੇ ਕੋਲ ਰੱਖਣ ਜਿਸਦੀ ਲੋੜ ਪੈਣੀ ਹੈ। ਅਨੇਕਾਂ ਨਾਮਧਾਰੀ ਜ਼ਿਮੀਂਦਾਰਾਂ ਨੇ ਆਪਣੀਆਂ ਜ਼ਮੀਨਾਂ ਵੇਚ ਦਿੱਤੀਆਂ ਅਤੇ ਘਰ-ਬਾਹਰ ਤਿਆਗ ਕੇ ਸ੍ਰੀ ਭੈਣੀ ਸਾਹਿਬ ਆ ਗਏ ਜਾਂ ਆਉਣ ਲਈ ਤਿਆਰ ਹੋ ਗਏ ਸਨ ।

ਪੰਜਾਬ ਸਰਕਾਰ ਨੂੰ ਉਸਦੇ ਸੂਹੀਆਂ ਅਤੇ ਵਫਾਦਾਰਾਂ ਰਾਹੀ ਸਾਰੀਆਂ ਖ਼ਬਰਾਂ ਮਿਲ ਰਹੀਆਂ ਸਨ। ਵੱਡੇ ਵਫਾਦਾਰ ਅਤਰ ਸਿੰਘ ਭਦੌੜ ਨੇ ਅਕਤੂਬਰ ੧੮੭੧ ਈ ਨੂੰ ਪੰਜਾਬ ਸਰਕਾਰ ਨੂੰ ਖ਼ਬਰ ਦਿੱਤੀ ਸੀ ਕਿ ਕੂਕਿਆਂ ਵੱਲੋਂ ਛੇਤੀ ਹੀ ਵਿਦ੍ਰੋਹ ਹੋਣ ਵਾਲਾ ਹੈ। ਦਸੰਬਰ ੧੮੭੧ ਈ.ਦੇ ਅਖੀਰ ਵਿਚ ਸਤਿਗੁਰੂ ਜੀ ਤੇ ਪਿੰਡ ਤੋਂ ਬਾਹਰ ਜਾਕੇ ਮੇਲੇ ਕਰਨ ਤੇ ਪਾਬੰਦੀ ਲਗਾ ਦਿਤੀ ਗਈ ਸੀ ਅਤੇ ਲੋੜ ਪੈਣ ਤੇ ਜਿਸ ਜਿਸ ਸੂਬੇ-ਪ੍ਰਚਾਰਕ ਦੀ, ਸਤਿਗੁਰੂ ਜੀ ਤੇ ਇਲਾਵਾ ਗ੍ਰਿਫਤਾਰੀ ਕਰਨੀ ਸੀ, ਸੂਚੀ ਬਣਾ ਲਈ ਗਈ ਸੀ। ਇਸ ਕਰਕੇ ਹੀ ਸਰਕਾਰ ਨੇ ਸ੍ਰੀ ਸਤਿਗੁਰੂ ਜੀ ਵੱਲੋਂ ਮਸਤਾਨਿਆਂ ਬਾਰੇ ਖ਼ਬਰ ਦੇਣ ਤੇ ਵੀ ਜਾਣਬੁਝ ਕੇ ਕਾਰਵਾਈ ਨਾ ਕੀਤੀ ਅਤੇ ਮਲੇਰਕੋਟਲੇ ਦੀ ਘਟਨਾ ਵਾਪਰਨ ਦਿਤੀ। ਨਤੀਜਾ ਨਾਮਧਾਰੀ ਸਿੰਘਾਂ ਦੀਆਂ ਸ਼ਹੀਦੀਆਂ, ਸਤਿਗੁਰੂ ਰਾਮ ਸਿੰਘ ਜੀ ਅਤੇ ਪ੍ਰਮੁਖ ਸੂਬਿਆਂ ਦੀਆਂ ਗ੍ਰਿਫਤਾਰੀਆਂ ਅਤੇ ਦੇਸ਼ ਨਿਕਾਲਾ ਅਤੇ ਪੰਜਾਬ ਭਰ ਵਿਚ ਕੂਕਿਆਂ ਤੇ ਪਾਬੰਦੀਆਂ ਅਤੇ ਸਖਤੀਆਂ ਦੇ ਰੂਪ ਵਿਚ ਸਾਹਮਣੇ ਆਇਆ ।

ਭਾਵੇਂ ਸਰਕਾਰ ਅੰਗ੍ਰੇਜ਼ੀ ਕੂਕਿਆਂ ਨੂੰ ਆਪਣੇ ਸਾਮਰਾਜ ਲਈ ਖ਼ਤਰਾ ਮੰਨਦੀ ਸੀ, ਫੇਰ ਵੀ ਉਹ ਕੂਕਿਆਂ ਦੇ ਸੱਚੇ ਸੁੱਚੇ ਆਚਰਨ ਤੇ ਪ੍ਰਭਾਵਤ ਸੀ। ਕੋਰਟ ਕਚਹਿਰੀਆਂ ਵਿਚ ਵੀ ਕੂਕਿਆਂ ਦੇ ਕਥਨਾਂ ਨੂੰ ਤਰਜੀਹ ਦਿਤੀ ਜਾਂਦੀ ਸੀ ਕਿ ਕੂਕੇ ਝੂਠ ਨਹੀਂ ਬੋਲਦੇ। ਐਸੇ ਸਮੇਂ ਸਫੇਦਪੋਸ਼ ਲੋਕਾਂ ਦੇ



Namdhari Elibrary NamdhariElibrary@gmail.com

ਪਿੰਡ ਵਿਚ ਇਕ ਕੂਕੇ ਕਾਰੀਗਰ ਦਾ ਪਹੁੰਚਣਾ ਅਰਥ ਰੱਖਦਾ ਸੀ ।

ਕਾਰੀਗਰ ਸ਼ੇਰ ਸਿੰਘ ਦਾ ਇਕ ਪੁੱਤਰ ਸੀ ਖਜ਼ਾਨ ਸਿੰਘ। ਉਹਨਾ ਦੇ ਪ੍ਰਵਾਰ ਵਿਚ ਇਹੋ ਰੀਤ ਚੱਲੀ ਆਉਂਦੀ ਸੀ ਕਿ ਘਰ ਵਿਚ ਸਿਰਫ਼ ਇਕ ਲੜਕਾਂ ਹੀ ਕਈ ਪੀੜ੍ਹੀਆਂ ਤੋਂ ਹੁੰਦਾ ਆਇਆ ਸੀ। ਕਾਰੀਗਰ ਸ਼ੇਰ ਸਿੰਘ ਵੀ ਆਪਣੇ ਮਾਤਾ ਪਿਤਾ ਦੀ ਇੱਕਲੀ ਸੰਤਾਨ ਸੀ ਅਤੇ ਅਗੇ ਉਸਦਾ ਵੀ ਇਕੋ ਪੁੱਤਰ ਸੀ ਖ਼ਜ਼ਾਨ ਸਿੰਘ। ਕੰਮਕਾਰ ਕਰਨ ਵਾਲਿਆਂ ਨੂੰ ਮਦਦ ਲਈ ਹੋਰ ਬਾਹਵਾਂ ਦੀ ਘਾਟ ਮਹਿਸੂਸ ਹੁੰਦੀ ਰਹਿੰਦੀ ਸੀ ।

ਖਜ਼ਾਨ ਸਿੰਘ ਦਾ ਵਿਆਹ ਹੋਇਆ, ਨੂੰਹ ਅਤਰੋ (ਅਤਰ ਕੌਰ) ਘਰ ਵਿਚ ਆਈ। ਲਾਇਲਪੁਰ ਇਲਾਕੇ ਵਿਚ ਹੋਰ ਵੀ ਕਈ ਪਿੰਡਾਂ ਵਿਚ ਵਿਰਲੇ ਵਿਰਲੇ ਘਰ ਨਾਮਧਾਰੀ ਸਿੰਘਾਂ ਦੇ ਸਨ। ਚੱਕ ੭੨(ਇਥੋਂ ਦੇ ਕੁਝ ਘਰ ਕ੍ਰੀ ਨਗਰ, ਦਿਲੀ ਰਹਿੰਦੇ ਹਨ), ਚੱਕ ੧੧੭ ਆਦ ਤੋਂ ਨਾਮਧਾਰੀ ਸਿੰਘਾਂ ਦਾ ਕੋਲੋਂ-ਕੁਦੋਲੇ ਔਣਾ ਜਾਣਾ ਲੱਗਾ ਰਹਿੰਦਾ ਸੀ ਅਤੇ ਪਿੰਡ ਵਿਚ ਸਮੇਂ ਸਮੇਂ ਕਥਾ-ਕੀਰਤਨ ਵੀ ਹੁੰਦਾ, ਹੌਲੇ ਦੇ ਸ਼ਬਦ ਪੜੇ ਜਾਂਦੇ ਜਿਸ ਵਿਚ ਪਿੰਡ ਦੇ ਜ਼ਿਮੀਦਾਰ ਵੀ ਖੁਸ਼ੀ ਨਾਲ ਸ਼ਾਮਲ ਹੁੰਦੇ ਸਨ । ਕਦੇ ਕਿਸੇ ਨੇ ਸ਼ਿਕਾਇਤ ਨਹੀਂ ਕੀਤੀ ਸਰਕਾਰੇ, ਸਗੋਂ ਕਈ ਵਾਰੀ ਜ਼ਿਮੀਦਾਰਾਂ ਨੇ ਆਪਣੇ ਅਹਾਤੇ ਵਿਚ ਦੀਵਾਨ ਵੀ ਲਗਵਾਉਣੇ। ਸ਼ੇਰ ਸਿੰਘ ਪਰਵਾਰ ਦੀ ਸੋਅ ਪਿੰਡ ਵਿਚ ਚੰਗੀ ਸੀ। ਸਰਕਾਰੀ ਅਫ਼ਸਰ ਅਤੇ ਡੀ.ਸੀ.ਵੀ ਪਿੰਡ ਵਿਚ ਆਉਂਦੇ ਜਾਂਦੇ ਰਹਿੰਦੇ ਸਨ।

ਉਸ ਇਲਾਕੇ ਵਿਚ ਨਹਿਰਾਂ ਆ ਗਈਆਂ, ਜ਼ਿਮੀਦਾਰਾਂ ਨੂੰ ਨਹਿਰੀ ਪਾਣੀ ਮਿਲਣ ਲਗ ਪਿਆ। ਇਸ ਸਹੂਲੀਅਤ ਨੇ ਜਿਥੇ ਜੱਟਾਂ ਨੂੰ ਪਾਣੀ ਦੀ ਵੱਧੀ ਸਹੂਲਤ ਦਿੱਤੀ, ਉਥੇ ਉਹਨਾਂ ਦੇ ਆਪਸ ਵਿਚ ਝਗੜੇ ਨੂੰ ਵਧਾ ਦਿੱਤਾ। ਪਿੰਡ ਵਿਚ ਸਿਰਫ਼ ਦੋ ਘਰ ਜੱਟਾਂ ਦੇ ਘੜੀਆਂ ਸਨ ਸਮਾਂ ਵੇਖਣ ਲਈ। ਪਾਣੀ ਸਮਾ ਵੇਖ ਕੇ, ਜਿਨ੍ਹਾਂ ਨਿਸਚਿਤ ਹੁੰਦਾ ਲਗਾ ਲੈਂਦੇ ਸਨ ਜ਼ਿਮੀਦਾਰ। ਪਰ ਉਹਨਾਂ ਦੇ ਆਪਸੀ ਮਤਭੇਦਾਂ ਕਰਕੇ ਘੜੀਆਂ ਦੇਖ ਕੇ ਪਾਣੀ ਦਾ ਸਮਾਂ ਦੱਸਣ ਵਾਲਿਆਂ ਤੇ ਸਾਰੇ ਸ਼ੱਕ ਕਰਨ ਲਗ ਪਏ। ਆਰੋਪ ਸੀ ਕਿ ਘਰੂਰੀ ਵਾਰੀ ਇਕ ਘੰਟੇ ਚ ੯-੧੦ ਮਿੰਟ ਘੜੀ ਅੱਗੇ-ਪਿਛੇ ਕਰ ਕੇ ਆਪਣੇ ਬੰਦਿਆਂ ਨੂੰ ਲਾਭ ਦਿਵਾਇਆ ਜਾਂਦਾ ਹੈ। ਇਹ ਮਤਭੇਦ ਅਤੇ ਝਗੜਾ ਐਨਾਂ ਵਧਿਆ ਕਿ ਗਲ ਪਿੰਡ ਵਿਚ ਸੂਤ ਨਾ ਆਈ ਅਤੇ ਇਸ ਮਸਲੇ ਨੂੰ ਨਜਿਠਣ ਲਈ ਸਰਕਾਰੀ ਅਫ਼ਸਰ ਡੀ.ਸੀ.ਪਿੰਡ ਵਿਚ ਆਇਆ।

ਵੀਹਵੀਂ ਸਦੀ ਦੇ ਦੂਸਰੇ ਜਾਂ ਤੀਸਰੇ ਸਾਲ ਅਰਥਾਤ ੧੯੦੨ ਜਾਂ ੧੯੦੩ ਈ ਦੀ ਗਲ ਹੈ। ਮਾਤਾ ਜੀਵਨ ਕੌਰ ਜੀ ਦੌਰਾ ਕਰਦਿਆਂ ਲਾਇਲਪੁਰ ਇਲਾਕੇ ਵਿਚ ਆਏ ਅਤੇ ਚੱਕ ੧੧੮ ਵਿਚ ਸ਼ੇਰ ਸਿੰਘ ਕਾਰੀਗਰ ਦੇ ਘਰ ਵੀ ਆਏ। ਸਾਰੇ ਪਿੰਡ ਵਿਚ ਇਕੋ ਘਰ ਕੂਕਿਆਂ ਦਾ ਸੀ। ਮਾਤਾ ਜੀ ਦਾ ਥੋਗ ਆਦਰ ਸਤਿਕਾਰ ਕੀਤਾ ਗਿਆ, ਸਭਨਾਂ ਯਥਾ ਸ਼ਕਤ ਮੱਥਾ ਟੇਕਿਆ। ਸ਼ੇਰ ਸਿੰਘ ਦੀ ਨੂੰਹ ਨੇ ਵੀ ਆਣ ਮੱਥਾ ਟੇਕਿਆ। ਵਿਆਹ ਨੂੰ ਅਜੇ ਥੋੜਾ ਚਿਰ ਹੀ ਹੋਇਆ ਸੀ। ਮਾਤਾ ਜੀ ਨੇ ਸਭ ਦੀ ਰਾਜ਼ੀ ਖੁਸ਼ੀ ਪੁੱਛੀ, ਹਾਲ ਚਾਲ ਪੁੱਛਿਆ। ਫੇਰ ਪੁੱਛਿਆ ਅਤਰੋ ਦੇ ਕਿਨੇ ਬੱਚੇ ਹਨ। ਉਸ ਦੀ ਸੱਸ ਨੇ ਆਦਰ ਨਾਲ ਕਿਹਾ ਜੀ ਅਜੇ ਤਾਂ ਬਾਲ ਹੋਣ ਵਾਲਾ ਹੈ। ਸਾਡੇ ਪਰਵਾਰ ਵਿਚ ਜੱਦੀ ਪੀੜ੍ਹੀ ਇਕੋ ਹੀ ਬੱਚਾ ਹੁੰਦਾ ਆਇਆ ਹੈ। ਕਿਰਪਾ ਕਰੋ ਮੇਰੀ ਨੂੰਹ ਨੂੰ ਭਾਗ ਲੱਗਣ। ਮਾਤਾ ਜੀਵਨ ਕੌਰ ਜੀ ਨੇ ਨੈਤਰ ਉਪਰ ਕਰਕੇ ਅਤਰੋ ਨੂੰ ਆਸ਼ੀਰਵਾਦ ਦਿੰਦੇ ਹੋਏ ਬਚਨ ਕੀਤਾ "ਸ਼ੇਰ ਸਿਆਂ ਚਿੰਤਾ ਨਾ ਕਰ, ਇਸਦੇ ਘਰ ਸੱਤ ਪਿੰਡ ਬੰਨਣਗੇ।" ਅਤਰੋ ਨੂੰ ਆਸ਼ੀਰਵਾਦ ਮਿਲ ਗਿਆ ਮਾਤਾ ਜੀ ਦਾ । ਸੱਤ ਬੱਚਿਆਂ ਦਾ ਵਰ ਹੋ ਗਿਆ। ਜੋ ਬਾਅਦ ਵਿਚ ਪੂਰਾ ਹੋਇਆ। ਸਤ ਬੱਚੇ ਹੋਏ-ਮੋਹਣ ਸਿੰਘ, ਹਰਬੰਸ ਸਿੰਘ,ਕਿਰਪਾਲ ਸਿੰਘ,ਪ੍ਰੀਤਮ ਸਿੰਘ, ਸਵਰਨ ਸਿੰਘ, ਫਤਹਿ ਸਿੰਘ, ਛੇ ਲੜਕੇ ਅਤੇ ਇਕ ਲੜਕੀ ਪ੍ਰੀਤਮ ਕੌਰ।

ਮੋਹਣ ਸਿੰਘ ਜਾਲੰਧਰ ਆ ਕੇ ਚੜਾਈ ਕਰ ਗਿਆ, ਹਰਬੰਸ ਸਿੰਘ ਅਤੇ ਪ੍ਰੀਤਮ ਸਿੰਘ ਗਿਆਨੀ ਗਾਜ਼ੀਆਬਾਦ ਆ ਕੇ ਰਹੇ ਅਤੇ ਕੁਝ ਸਮਾਂ ਪਹਿਲਾਂ ਚੜਾਈ ਕੀਤੇ ਹਨ। ਕਿਰਪਾਲ ਸਿੰਘ (ਮੇਰੇ ਪਿਤਾ ਜੀ) ੧੯੪੭ ਦੇ ਸਮੇਂ ਪਹਿਲਾਂ ਬੀਕਾਨੇਰ ਅਤੇ ਫੇਰ ਬਟਾਲੇ ਤੇ ਫੇਰ ਜਗਾਧਰੀ ਆਏ। ਜਿਥੇ ਉਹਨਾਂ ਨੇ ਨਾਮਧਾਰੀ ਪ੍ਰਚਾਰਕ ਜਥਾ ੧੯੫੪ ਈ ਵਿਚ ਬਣਾ ਲਿਆ ਸੀ ਅਤੇ ਉਥੇ ਹੋਰ ਸਾਥੀ ਸਨ ਸੂਬੇਦਾਰ ਪ੍ਰੀਤਮ ਸਿੰਘ, ਉਜਾਗਰ ਸਿੰਘ(ਦਿਲੀ ਚੜਾਈ ਕੀਤੇ), ਗੁਰਦਿਆਲ ਸਿੰਘ ਸੋਹਰਾ(ਜੋ ਹੁਣ ਸੂਬਾ ਜੀ ਹਨ), ਅਵਤਾਰ ਸਿੰਘ ਵਿਰਦੀ (ਇਹ ਸਿੰਘ ਅਜਕਲ ਲੁਧਿਆਣੇ ਸ਼ਹਿਰ ਰਹਿੰਦੇ ਹਨ) ਆਦਿ। ਕਿਰਪਾਲ ਸਿੰਘ, ਮੇਰੇ ਪਿਤਾ ਜੀ, ਦਿਲੀ ਸ਼ਕੂਰ ਬਸਤੀ ਆ ਕੇ ੧੯੭੬ ਵਿਚ ਚੜਾਈ ਕੀਤੇ ਅਤੇ ਕੇਵਲ ਸ. ਫ਼ਤਹਿ ਸਿੰਘ ਜੀਉਂਦੇ ਹਨ ਜੋ ਵਿਸ਼ਣੂ ਗਾਰਡਨ ਦਿਲੀ ਵਿਚ ਰਹਿੰਦੇ ਹਨ। ਮਾਤਾ ਜੀਵਨ ਕੌਰ ਜੀ ਦੇ ਆਸ਼ੀਰਵਾਦ ਨਾਲ ਸ਼ੇਰ



Namdhari Elibrary NamdhariElibrary@gmail com

ਸਿੰਘ ਦਾ ਪ੍ਰਵਾਰ ਫਲਿਆ ਫੁੱਲਿਆ।

ਪਿੱਛੇ ਪਿੰਡ ਚੱਕ ੧੧੯ ਵਿਚ ਪਾਣੀ ਦੇ ਮਸਲੇ ਤੇ ਆਪਸੀ ਮਤ ਭੇਦ ਸਰਕਾਰ ਤੱਕ ਪਹੁੰਚਣ ਬਾਰੇ ਦੱਸਿਆ ਹੈ। ਇਲਾਕੇ ਦਾ ਡੀ.ਸੀ.ਅਤੇ ਹੋਰ ਪਤਵੰਤੇ ਅਧਿਕਾਰੀ ਪਿੰਡ ਵਿਚ ਆਏ। ਸਾਰੇ ਜ਼ਿਮੀਦਾਰ ਇਕੱਠੇ ਹੋਏ ਅਤੇ ਆਪਣੀਆਂ ਸ਼ਿਕਾਇਤਾਂ ਦੱਸੀਆਂ ਕਿ ਕਿਸ ਤਰ੍ਹਾਂ ਆਪਸੀ ਲਿਹਾਜ਼ ਨਾਲ ਕਈ ਗਲਤ ਟਾਈਮ ਦਸ ਕੇ ਦੂਸਰਿਆਂ ਦਾ ਸਮਾਂ ਘਟਾ ਦਿੰਦੇ ਹਨ। ਦੋ ਜ਼ਿਮੀਦਾਰਾਂ ਦੇ ਘਰਾਂ ਵਿਚ ਟਾਈਮ ਪੀਸ ਘੜੀਆਂ ਸਨ ਉਦੋਂ, ਪਰ ਜੱਟਾਂ ਨੂੰ ਕਿਸੇ ਤੇ ਵੀ ਯਕੀਨ ਨਹੀਂ ਸੀ। ਕੋਈ ਗੱਲ ਸਿਰੇ ਚੜ੍ਹਦੀ ਨਾ ਦੇਖ ਕੇ ਅਫ਼ਸਰ ਨੇ ਜ਼ਿਮੀਦਾਰਾਂ ਨੂੰ ਪੁੱਛਿਆ ਕਿ ਮਸਲਾ ਤਾਂ ਠੀਕ ਸਮਾਂ ਕਢਣ ਦਾ ਹੈ ਨਾ, ਕੀ ਕਿਸੇ ਹੋਰ ਘਰ ਘੜੀ ਨਹੀਂ ਹੈ ? ਸਾਰਿਆਂ ਦੱਸਿਆ ਕਿ ਇਕੋ ਘਰ ਹੈ ਕੂਕਿਆਂ ਦਾ ਪਿੰਡ ਵਿਚ ਅਤੇ ਉਹ ਕਾਰੀਗਰ ਸਿੰਘ ਹੈ। ਉਸਦੇ ਘਰ ਘੜੀ ਹੈ। ਅਫ਼ਸਰ ਦੇ ਪੁੱਛਣ ਤੇ ਸਾਰੇ ਪਿੰਡ ਦੇ ਜੱਟਾਂ ਕਿਹਾ ਕਿ ਕੂਕਾ ਸ਼ੇਰ ਸਿੰਘ ਅਤੇ ਉਸਦਾ ਲੜਕਾ ਖ਼ਜ਼ਾਨ ਸਿੰਘ ਸੌਚੇ ਸੁੱਚੇ ਬੰਦੇ ਹਨ ਅਤੇ ਸਾਨੂੰ ਸਭ ਨੂੰ ਉਸ ਤੇ ਇਤਬਾਰ ਹੈ ਅਗਰ ਉਹ ਮਨ ਜਾਵੇ। ਉਹ ਬਹੁਤ ਹੀ ਇਮਾਨਦਾਰ ਕਾਰੀਗਰ ਹੈ। ਡੀ.ਸੀ ਦੇ ਦੋ ਵਾਰ ਪੁਛੱਣ ਤੇ ਜ਼ਿਮੀਦਾਰਾਂ ਨੇ ਇਕ ਸੁਰ ਨਾਲ ਕਿਹਾ ਕਿ ਉਹ ਘਰ ਕੂਕਿਆਂ ਦਾ ਹੈ ਅਤੇ ਉਹ ਝੂਠ ਨਹੀਂ ਬੋਲਦੇ, ਬੇਈਮਾਨੀ ਵਿਚ ਨਹੀਂ ਹਨ। ਮਿਲਣ ਸਾਰ ਅਤੇ ਧਾਰਮਿਕ ਪ੍ਰਵਾਰ ਹੈ ਅਤੇ ਪੂਜਾ ਪਾਠੀ ਹੈ, ਅਗਰ ਉਹ ਕੂਕਾ ਸਿੰਘ ਮੰਨ ਜਾਵੇ ਤਾਂ ਚੰਗੀ ਗਲ ਹੈ, ਅਸੀ ਸਭ ਉਸ ਤੇ ਸਹਿਮਤ ਹਾਂ।

ਜ਼ਿਮੀਦਾਰਾਂ ਦੀ ਮੀਟਿੰਗ ਵਿਚ ਕਾਰੀਗਰ ਸ਼ੇਰ ਸਿੰਘ ਅਤੇ ਉਸ ਦਾ ਲੜਕਾ ਖਜ਼ਾਨ ਸਿੰਘ ਨਹੀਂ ਸਨ ਬੁਲਾਏ ਗਏ। ਡੀ.ਸੀ.ਦੇ ਕਹਿਣ ਤੇ ਇਕ ਪਿੰਡ ਵਾਸੀ ਉਹਨਾਂ ਨੂੰ ਬੁਲਾਉਣ ਭੇਜਿਆ। ਦੋਵੇਂ ਪਿਓ-ਪੁੱਤਰ ਆਏ। ਰਸਮੀ ਦੁਆ-ਸਲਾਮ ਤੋਂ ਬਾਅਦ ਡੀ.ਸੀ ਨੇ ਪੁੱਛਿਆ ਕਿ ਤੁਹਾਡੇ ਘਰ ਘੜੀ ਹੈ ਅਤੇ ਤੁਸੀਂ ਪਿੰਡ ਵਾਲਿਆਂ ਨੂੰ ਪਾਣੀ ਲਗਾਉਣ ਲਈ ਟਾਈਮ ਦੱਸ ਸਕੋਗੇ ? ਪਾਣੀ ਦਾ ਸਮਾਂ ਹਨੇਰੇ ਸਵੇਰੇ ਵੀ ਹੁੰਦਾ ਹੈ,ਇਸ ਕਰ ਕੇ ਪਰੇਸ਼ਾਨੀ ਤੋਂ ਬਚਣਾ ਚਾਹੁੰਦਾ ਸੀ ਸ਼ੇਰ ਸਿੰਘ। ਉਸਨੇ ਕਿਹਾ ਕਿ ਘੜੀ ਤਾਂ ਸਾਡੇ ਘਰ ਹੈ,ਪਰ ਅਸੀਂ ਸਾਰੇ ਪਿੰਡ ਦੇ ਸਾਂਝੇ ਹਾਂ ਅਤੇ ਇਹਨਾਂ ਦੀ ਲੜਾਈ ਵਿਚ ਨਹੀਂ ਪੈਣਾ ਚਾਹੁੰਦੇ। ਪਿੰਡ ਦੇ ਜ਼ਿਮੀਦਾਰਾਂ ਜ਼ੋਰ ਦਿੱਤਾ, ਹਰ ਤਰ੍ਹਾਂ ਦਾ ਭਰੋਸਾ ਦਵਾਇਆਂ ਅਤੇ ਸਰਕਾਰੀ ਅਫ਼ਸਰਾਂ ਦੇ ਜ਼ੋਰ ਦੇਣ ਤੇ ਸ਼ੇਰ ਸਿੰਘ ਪਾਣੀ ਦਾ ਸਮਾਂ ਦੱਸਣ ਦੀ ਡਿਊਟੀ ਲੈਣ ਲਈ ਰਾਜ਼ੀ ਹੋ ਗਿਆ । ਡੀ.ਸੀ.ਨੇ ਕਿਹਾ ਕਿ ਕੂਕਿਆ, ਪਿੰਡ ਵਿਚ ਇਕ ਤੁਹਾਡਾ ਘਰ ਹੀ ਹੈ ਜਿਸ ਤੇ ਸਾਰੇ ਜੱਟ ਸਹਿਮਤ ਹਨ। ਤੂੰ ਸਭ ਦਾ ਸਾਂਝਾ ਹੈਂ ਅਤੇ ਸਭ ਨੂੰ ਤੇਰੇ ਤੇ ਇਤਬਾਰ ਹੈ, ਕੋਈ ਹੋਰ ਪਰੇਸ਼ਾਨੀ ਹੋਵੇ ਤਾਂ ਦਸ। ਕੂਕੇ ਸਿੰਘ ਨੇ ਸਵਿਕਾਰ ਕੀਤਾ ।

ਸ਼ੇਰ ਸਿੰਘ ਦੇ ਘਰ ਮੇਜ਼ ਤੇ ਰੱਖਣ ਵਾਲੀ ਬਿਗਬੈਨ ਦੀ ਅਲਾਰਮ ਘੜੀ ਸੀ। ਪਿੰਡ ਦੇ ਜ਼ਿਮੀਦਾਰ ਸਮਾਂ ਪੁੱਛਣ ਤੇ ਹੀ ਹਰ ਫਸਲ ਤੇ ਇਕ ਢੇਰੀ ਜਿਨਸ ਦੀ ਘਰ ਪਹੁੰਚਾ ਦਿੰਦੇ ਸਨ। ਇਸ ਤੋਂ ਇਲਾਵਾ ਪਿੰਡ ਵਿਚ ਖਜ਼ਾਨ ਸਿੰਘ ਨੇ ਰੂੰ ਪਿੰਜਣ ਦੀ ਮਸ਼ੀਨ ਡੀਜ਼ਲ ਇੰਜਣ ਤੇ ਲਗਾਈ, ਆਟਾ ਪੀਸਣ ਦੀ ਚੱਕੀ, ਆਰਾ ਮਸ਼ੀਨ ਵੀ ਲਗਾਈ ਹੋਈ ਸੀ। ਪਿੰਡ ਚੱਕ ੧੧੯ ਅਤੇ ਨਾਲ ਦੇ ਕਈ ਪਿੰਡਾਂ ਵਿਚ ਖ਼ਰਾਸ ਵੀ ਇਹਨਾਂ ਦੇ ਲੱਗੇ ਹੋਏ ਸਨ। ਸਮੇਂ ਸਮੇਂ ਜਥੇਦਾਰ ਵੀ ਆਉਂਦੇ ਅਤੇ ਸ਼ੇਰ ਸਿੰਘ ਦੇ ਪੋਤਰੇ, ਖ਼ਾਸ ਕਰ ਕਿਰਪਾਲ ਸਿੰਘ ਅਤੇ ਗਿਆਨੀ ਪ੍ਰੀਤਮ ਸਿੰਘ ਐਤਵਾਰ ਸ਼ਾਮ ਨੂੰ ਅਤੇ ਸੰਗਰਾਂਦ ਨੂੰ ਸਵੇਰੇ ਆਸਾ ਦੀ ਵਾਰ ਲਗਾਉਂਦੇ ਅਤੇ ਸਾਰਾ ਪਿੰਡ ਬਿਨ੍ਹਾਂ ਭਿੰਨ ਭੇਦ ਦੇ ਆ ਜੁੜਦਾ । ਬੜਾ ਆਦਰ ਸਤਿਕਾਰ ਸੀ ਪਿੰਡ ਵਿਚ ਕੂਕਿਆਂ ਦਾ। ਉਹ 'ਬਿਗ ਬੈਨ' ਘੜੀ ਬਹੁਤ ਸਾਲਾਂ ਬਾਅਦ ਵੀ ਮੈਂ ਗਾਜ਼ੀਆਬਾਦ ਗਿਆਨੀ ਪ੍ਰੀਤਮ ਸਿੰਘ ਦੇ ਘਰ ਚਲਦੀ ਦੇਖੀ ਸੀ ।

ਪਿੰਡ ਦਾ ਪ੍ਰਧਾਨ ਸੀ ਜ਼ੈਲਦਾਰ ਪ੍ਰਤਾਪ ਸਿੰਘ ਜੋ ਅਜਕਲ ਸਾਹ ਪਿੰਡ, ਅੰਬਾਲਾ-ਜਗਾਧਰੀ ਸੜਕ ਤੇ ਹੈ, ਉਥੇ ਰਹਿੰਦਾ ਸੀ। ਸਰਦਾਰ ਸੰਪੂਰਨ ਸਿੰਘ, ਕੈਪਟਨ ਉਤਮ ਸਿੰਘ, ਅਵਤਾਰ ਸਿੰਘ ਆਦਿ ਹੋਰ ਉੱਘੇ ਸਰਦਾਰ ਸਨ। ੧੯੪੭ ਪਾਕਿਸਤਾਨ ਬਣਨ ਉਪਰੰਤ ਚੱਕ ੧੧੯ ਕਾਰਖਾਨੇ ਦਾ ਕਲੇਮ ਮੇਰੇ ਪਿਤਾ ਜੀ, ਸ. ਕਿਰਪਾਲ ਸਿੰਘ ਨੇ ਭਣਵਾ ਲਿਆ ਸੀ ਅਤੇ ਇਸ ਕਲੇਮ ਵਿਚ ਗਾਜ਼ੀਆਬਾਦ ਜਗਦੀਸ਼ ਨਗਰ ਵਿਚ ਦੋ ਮਕਾਨ ਅਲਾਟ ਹੋਏ ਸਨ।

ਸਰਕਾਰੀ ਅਫ਼ਸਰਾਂ ਅਤੇ ਪਿੰਡ ਦੇ ਜ਼ਿਮੀਦਾਰਾ ਨੇ ਕੂਕਿਆਂ ਦੇ ਘਰ ਪ੍ਰਤੀ ਜੋ ਇਤਬਾਰ ਜਤਾਇਆ,ਉਹ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਚਾਰ ਦੀ ਇਕ ਛੋਟੀ ਜਿਹੀ ਵਨਗੀ ਹੀ ਹੈ। ਰਾਜਨੀਤਕ ਤੌਰ ਤੇ ਕੂਕਿਆਂ ਨੂੰ ਆਪਣਾ ਵਿਰੋਧੀ ਮੰਨਣ ਵਾਲੀ ਸਰਕਾਰ ਵਿਵਹਾਰਕ ਤੌਰ ਤੇ ਸਮਝਦੀ ਅਤੇ ਮੰਨਦੀ ਸੀ ਕਿ ਕੂਕੇ ਇਮਾਨਦਾਰ, ਨੇਕ ਚਲਣੀ ਵਾਲੇ ਅਤੇ ਸੱਚੇ-ਸੁੱਚੇ ਸਿੱਖ ਹਨ ।



Namdhari Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਇਨਾਂ ਵਿਚ ਤਿਆਰ ਕੀਤੇ ਹੋਏ

ਚਮਕਦਾਰ ਅਤੇ ਪੱਕੇ ਰੰਗਾਂ ਵਾਲੇ

ਫ਼ਰਸ਼ੀ ਦਰੀਆਂ ਅਤੇ ਗ਼ਲੀਚੇ

ਨਿਰਮਾਤਾ

ਨਾਮਧਾਰੀ ਸੇਲਜ਼

੧੦੨੪੦/੫੪ ਲਾਇਬ੍ਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ—੧੧੦੦੦੬

**Furshi Durries & Carpets**

*in Bright & Fast Colours*

**Manufacturers :**

# Namdhari Sales

10240/54, Library Road, Azad Market, Delhi-110006

Mobile Phone : S. Charanjit Singh 9810556398
S. Satvinder Singh 9811095210





Namdhari Elibrary NamdhariElibrary@gmail com

# ਆਧੁਨਿਕ ਦੋਹੇ

—ਡਾ. ਹਰਨੇਕ ਸਿੰਘ ਕੋਮਲ

ਅਦਬ ਇਬਾਦਤ ਰੱਬ ਦੀ, ਨਹੀਂ ਵਿਕਾਊ ਮਾਲ।
ਐਵੇਂ ਮਨ ਦੀ ਮੈਲ ਨਾ, ਸ਼ਬਦਾਂ ਦੇ ਵਿੱਚ ਢਾਲ।।

ਰੋਂਦੀ ਘਰ ਦੀ ਛੱਤ ਹੈ, ਕੰਧਾਂ ਨੇ ਗ਼ਮਗੀਨ।
ਹੁੰਦੀ ਘਰ ਵਿੱਚ ਰੋਜ਼ ਹੈ, ਰਿਸ਼ਤੇ ਦੀ ਤੌਹੀਨ॥

ਸੇਵਕ ਬਣੇ ਨਾ ਦੇਵਤੇ, ਬਣੇ ਨਾ ਪਰ ਸ਼ੈਤਾਨ।
ਆਓ ਮਿਲਜੁਲ ਵੱਸੀਏ, ਬਣ ਚੰਗੇ ਇਨਸਾਨ॥

ਅੰਦਰੋਂ ਸਾਰਾ ਖੋਖਲਾ, ਕਰਦਾ ਗਰਬ ਗੁਮਾਨ।
ਅੱਗੇ ਵੱਲ ਨੂੰ ਦੌੜਦਾ, ਬਾਗ਼ੀ ਹੈ ਇਨਸਾਨ॥

ਵੰਡਦਾ ਫਿਰਦਾਂ ਤਾਪਸ਼ ਹੈ, ਥਾਂ-ਥਾਂ ਅੱਜ ਮਨੁੱਖ।
ਫਿਰਦੇ ਛਾਵਾਂ ਵੰਡਦੇ, ਜੋ ਰੁਕ ਸਕਦੇ ਰੁੱਖ॥

ਕੰਧਾਂ ਦੇ ਵੀ ਕੰਨ ਨੇ, ਪਰ ਹੁਣ ਚੌੜੇ ਰੱਖ।
ਹੋ ਸਕਦਾ ਹੈ ਕੰਧ ਵਿੱਚ, ਲੱਗੀ ਹੋਵੇ ਅੱਖ॥

ਸੱਚਾ ਸਾਹਿਬ ਇੱਕ ਹੈ, ਜੱਗ ਦਾ ਸਿਰਜਣਹਾਰ।
ਥਿੜਕੇ ਹੋਏ ਮਨੁੱਖ ਨੇ, ਸਿਰਜੇ ਰੱਬ ਹਜ਼ਾਰ॥

ਹੋਣ ਕੀ ਸੱਚ ਸਾਹਮਣੇ, ਅੰਦਰੋਂ ਜੋ ਕਮਜ਼ੋਰ।
ਓਹਲਾ, ਨੇਰ੍ਹਾ ਭਾਲਦੇ, ਦੁਨੀਆਂ ਦੇ ਵਿਚ ਚੋਰ॥

ਚਾਰ-ਚੁਫੇਰੇ ਕੁਫ਼ਰ ਦੇ, ਰਹੇ ਨਗਾਰੇ ਵੱਜ।
ਨਾਨਕ ਵਰਗਾ ਰਹਿਨੁਮਾ ਚੇਤੇ ਆਵੇ ਅੱਜ॥

ਪੈਰ ਨਾ ਰੱਖਣ ਧਰਤ 'ਤੇ, ਅੰਬਰ ਵੱਲ ਨਿਗਾਹ ।
ਭੁੱਲਦੇ ਐਸੇ ਲੋਕ ਨੇ, ਆਪਣੇ ਘਰ ਦਾ ਰਾਹ॥

ਚੜ੍ਹਦੀ ਕਲਾ ਹੈ ਦੋਸਤੋ, ਇੱਕ ਮਹਾਂ ਵਰਦਾਨ।
ਖੇੜੇ ਦੇ ਵਿੱਚ ਖਿੜ ਰਿਹਾ, ਮਾਨਵ ਸਦਾ ਜਵਾਨ॥

ਹਰ ਥਾਂ, ਹਰ ਮੁਹਾਜ਼ 'ਤੇ, ਕਰੇਗਾ ਤੈਨੂੰ ਰੱਦ।
ਜਿਸ ਦੇ ਨਾਲੋਂ ਵੱਧ ਹੈ, ਕੋਮਲ ਤੇਰਾ ਕੱਦ।।

ਕਲਗੀ ਵਿਕਾਸ ਪਬਲਿਕ ਸਕੂਲ,
ਮਲੋਟ- ੧੫੨ ੧੦੭
੦੧੬੩੭-੨੬੧੪੧੪.

# ਗੀਤ

—ਅਜੀਤ ਸਿੰਘ

ਹੁਣ ਦੁਨੀਆ ਕਿਧਰ ਜਾ ਰਹੀ ?

ਰਿਸ਼ਵਤ ਦਾ ਗਰਮ ਬਾਜ਼ਾਰ ਹੈ,
ਹਰ ਆਦਮੀ ਬੇਜ਼ਾਰ ਹੈ,
ਸ਼ਾਸਕ ਦਾ ਕੀ ਕਿਰਦਾਰ ਹੈ,
ਕਿਵੇਂ ਵਾੜ ਖੇਤ ਨੂੰ ਖਾ ਰਹੀ।
ਹੁਣ ਦੁਨੀਆ ... ......

ਤਕੜੇ ਦਾ ਹਰ ਥਾਂ ਜ਼ੋਰ ਹੈ,
ਮਾੜਾ ਮਚਾਉਂਦਾ ਸ਼ੋਰ ਹੈ,
ਹਾਕਮ ਹੋਇਆ ਮੂੰਹ ਜ਼ੋਰ ਹੈ,
ਬੇਵਸੀ ਕੁਰਲਾ ਰਹੀ
ਹੁਣ ਦੁਨੀਆ. ... ..........

ਕਹਿਣੀ ਤੇ ਕਰਣੀ ਚ ਫਰਕ ਹੈ,
ਮਾੜੇ ਦਾ ਬੇੜਾ ਗਰਕ ਹੈ,
ਭਲਾਈ ਦਾ ਝੂਠਾ ਤਰਕ ਹੈ,
ਸਰਕਾਰ ਜੋ ਫਰਮਾ ਰਹੀ।
'ਹੁਣ ਦੁਨੀਆਂ ... ..............

ਧਰਮ ਦਾ ਤੇਜ ਹੈ ਘਟ ਰਿਹਾ,
ਇਹ ਪੈਸੇ ਦੇ ਵਿਚ ਬਟ ਰਿਹਾ,
ਮਰ ਕਿਉਂ ਵਿਚਾਰਾ ਜੱਟ ਰਿਹਾ,
ਉਹਦੀ ਹੋਣੀ ਕੀ ਦਰਸਾ ਰਹੀ !
ਹੁਣ ਦੁਨੀਆ ..................

ਹਰ ਦਿਲ ਹੀ ਲੱਗਦਾ ਉਦਾਸ ਹੈ,
ਨਵ-ਯੁਗ ਦੀ ਸਰਨਾ ਨੂੰ ਆਸ ਹੈ,
ਜਿਸ ਵਿਚ ਪਿਆਰ ਦੀ ਬਾਸ ਹੈ,
ਨਿਆਂ ਦੀ ਬਾਤ ਜੋ ਪਾ ਰਹੀ।
ਹੁਣ ਦੁਨੀਆ ਕਿਧਰ ਜਾ ਰਹੀ ।

—ਅਜੀਤ ਦੀ ਮਾਲ, ਕਪੂਰਥਲਾ



Namdhari Elibrary NamdhariElibrary@gmail com



ਵਰਿਆਮ ਵਿਚ ਛਪਣ ਲਈ 'ਲਹਿਰਾਂ ਤੁਰ ਪਈਆਂ' (ਪੰਜਾਬੀ ਗ਼ਜ਼ਲਕਾਰਾਂ ਦੇ ਚੋਣਵੇਂ ਸ਼ੇਅਰ) ਭੇਜ ਰਿਹਾ ਹਾਂ। ਗ਼ਜ਼ਲਕਾਰਾਂ ਦਾ ਨਾਮ ਸ਼ੇਅਰਾਂ ਦੇ ਉੱਪਰ ਲਿਖਿਆ ਹੈ, ਕਿਸੇ ਵੀ ਗ਼ਜ਼ਲਕਾਰ ਦੇ ਸੌ ਤੋਂ ਉੱਤੇ ਸ਼ੇਅਰ ਨਹੀਂ ਲਏ। ਸੌਆਂ ਦੇ ਅੰਦਰ ਅੰਦਰ ਹੀ ਉਨ੍ਹਾਂ ਦੀ ਗ਼ਜ਼ਲਕਾਰੀ ਨੂੰ ਵਰਤਨ ਦਾ ਉਪਰਾਲਾ ਕੀਤਾ ਹੈ। ਮੀਆਂ ਮੌਲਾ ਬਖਸ਼ ਕੁਸ਼ਤਾ ਜੀ ਤੋਂ ਲੈਕੇ ਹੁਣ ਤੱਕ ਸਭ ਨੂੰ ਇਸ ਲਹਿਰ ਵਿੱਚ ਪੇਸ਼ ਕਰਨ ਦਾ ਯਤਨ ਕੀਤਾ ਹੈ।

*—ਚਰਨ ਸੀਚੇਵਾਲਵੀ*

*ਲਹਿਰਾਂ ਤੁਰ ਪਈਆਂ—1*

# ਚੋਣਵੇਂ ਪੰਜਾਬੀ ਸ਼ੇਅਰ

*ਪੇਸ਼ਕਸ਼ : ਚਰਨ ਸੀਚੇਵਾਲਵੀ*

## (ਸਵ:) ਮੌਲਾ ਬਖਸ਼ ਕੁਸ਼ਤਾ

• ਆਵਣ ਦਾ ਕਰਕੇ ਕੌਲ ਸੁਕਾਇਆ ਈ ਤਾਂਘ ਵਿੱਚ
ਲਾਰਾ ਹੀ ਦਿੱਤਾ ਤੂੰ ਮੇਰੀ ਸਰਕਾਰ ਝੂਠ-ਮੂਠ।

• ਸਭ ਤੋਂ ਸੀ ਅੱਗੇ ਵਧਕੇ ਝੁਕਾਇਆ ਅਸਾਂ ਨੇ ਸਿਰ,
ਆਇਆ ਜੇ ਧਾਰ ਤੋਲਦਾ ਤਲਵਾਰ ਝੂਠ-ਮੂਠ।

• ਕੱਕਰ ਵਰਹੇ ਤੇ ਕੋਠਾ ਜੰਮੇ ਤਨ ਢੱਕਣ ਨੂੰ ਲੀਰ ਨਹੀਂ,
ਕੀ ਪੁੱਛਦੇ ਹੋ ਓ ਪਾਲੇ ਅੰਦਰ ਕਿਵੇਂ ਮਜ਼ੂਰ ਗੁਜ਼ਾਰੀ ਰਾਤ

• ਸੁੱਤੇ ਹੋਣ ਜਦੋਂ ਲੋਕ ਗਦੇਲਿਆਂ ਤੇ ਇਹ ਸੀਤ ਵਿਚ ਲਾਂਵਦਾ ਫਿਰੇ ਪਾਣੀ,
ਰੰਬਾ ਹੱਥ ਵਿਚ ਤੇ ਕਹੀ ਮੋਢਿਆਂ ਤੇ 'ਕੁਸ਼ਤਾ' ਹੁੰਦਾ ਨਹੀਂ ਕਿਸਾਨ ਕਾਰਗ।

• ਸਰ-ਫਰੋਸ਼ੀ ਦਾ ਹੈ ਦਾਅਵਾ ਐ ਕੁਸ਼ਤਾ ਮੀਆਂ,
ਦਿਲ ਤੇ ਗੁਰਦਾ ਚਾਹੀਦਾ ਇਸ ਸੁਖ਼ਨ ਦੇ ਵਾਸਤੇ।

• ਕੀ ਕਿਸੇ ਨੂੰ ਦੱਸੀਏ ਕੀ ਖੱਟਿਆ, ਇਸ਼ਕ ਲੈਣ ਨਾ ਕਿਤੇ ਕਰਾਰ ਦੇਵੇ,
ਵਾਂਗ ਟੱਪਰੀ ਵਾਸਾਂ ਦੇ ਅਸੀਂ ਭੁੱਖੇ ਫਿਰਦੇ ਰਹੇ ਹਾਂ ਤਵਾ ਪਰਾਤ ਅੱਜ ਤੱਕ।

• ਲਾ ਲਾ ਝੂਠੀਆਂ ਲੂਤੀਆਂ ਦੂਤੀਆਂ ਨੇ ਤੇਰਾ ਦਿਲ ਚਿੜ੍ਹਾਇਆ ਅਸਾਂ ਵੱਲੋਂ,
ਕਦੇ 'ਕੁਸ਼ਤਾ' ਦੇ ਮੂੰਹੋਂ ਭੀ ਸੁਣੀ ਹੈ ਤੂੰ ਕੋਈ ਗਿਲੇ ਸ਼ਿਕਾਇਤ ਦੀ ਬਾਤ ਅੱਜ ਤਕ।

* * *

## (ਸਵ:) ਸਾਧੂ ਸਿੰਘ ਹਮਦਰਦ

• ਜਿਵੇਂ ਫੁੱਲ ਨਿਕਲਦਾ ਏ ਖਾਰਾਂ ਦੇ ਵਿਚੋਂ।
ਤਿਵੇਂ ਜਿੱਤ ਨਿਕਲਦੀ ਏ ਹਾਰਾਂ ਦੇ ਵਿਚੋਂ।

• ਆਪਣੇ ਮਹਿਲਾਂ ਤੇ ਨਾ ਏਨਾ ਮਾਣ ਕਰ,
ਹੱਥ ਉਨ੍ਹਾਂ ਦੀ ਸ਼ਾਨ ਵਿਚ ਮਜ਼ਦੂਰ ਦਾ।

• ਜ਼ਮਾਨੇ 'ਚ ਕੈਸੀ ਹਵਾ ਵਗ ਗਈ ਏ,
ਹਵਾ ਹੋ ਗਈ ਯਾਰੀ ਯਾਰਾਂ ਦੇ ਵਿਚੋਂ।

• ਬੰਦਾ ਭਾਵੇਂ ਸਭ ਕੁਝ ਬਣਿਆ,
ਬਣਿਆ ਪਰ ਇਨਸਾਨ ਨਹੀਂ ਹੈ।

• ਸ਼ੇਖ ਮੈਥੋਂ ਡਰੇ ਤੇ ਮੈਂ ਡਰਾਂ ਸ਼ੇਖ ਤੋਂ,
ਕਿੱਥੇ ਜਾ ਕੇ ਸਾਡੀ ਮੁਲਾਕਾਤ ਹੋ ਗਈ।

*(ਚਲਦਾ...)*



Namdhari Elibrary NamdhariElibrary@gmail com

# ਸੰਤ ਦਲਬੀਰ ਸਿੰਘ ਤਰਸ' ਜੀ (ਆਸਟ੍ਰੇਲੀਆ ਵਾਲੇ)

—ਕਰਤਾਰ ਸਿੰਘ ਪੰਛੀ

"ਤਰਸ" ਜੀ ਨੇ ਪੁਸਤਕਾਂ ਭੇਜੀਆਂ ਸਨ ਉਹਨਾਂ ਕੁਝ ਲਿਖਣ ਲਈ ਵੀ ਆਖਿਆ ਸੀ-ਯਤਨ ਕੀਤਾ ਹੈ ਸਾਰੀਆਂ ਪੁਸਤਕਾਂ ਪੜ੍ਹਕੇ ਕਾਵਿ-ਚਿਤਰ ਰਿਵਿਊ ਲਿਖਣ ਦਾ। ਬੜੀ ਮਿਹਨਤ ਹੈ ਸੰਤ ਦਲਬੀਰ ਸਿੰਘ 'ਤਰਸ' ਜੀ ਦੀ। ਵਰਿਆਮ ਵਿਚ ਸਭ ਕੁਝ ਪੜ੍ਹ ਲਿਆ ਹੈ ਮੇਰੇ ਵਲੋਂ ਇਹ ਸ਼ਬਦ ਮਾਣ ਵਜੋਂ ਹੀ ਹਾਜ਼ਰ ਹਨ । 'ਕ ਸ ਪੰਛੀ'

'ਪ੍ਰਦੇਸਣ' ਬਣ ਜਿੰਦ ਜਿਨਾਂ ਦੀ,'ਸੋਹਿਲੜੇ' ਪਈ ਗਾਵੇ। ਰੰਗ ਰੰਗਤਾ ਉਹ ਜਿਉਂਦਾ ਇਜੇ, ਲਹਿਰਾਂ' ਵਿੱਚ ਸਮਾਵੇ।
'ਮੈਂ ਤੋਂ ਤੂੰ ਤੱਕ' 'ਸਫ਼ਰ' ਜਿਨਾਂ ਦਾ, 'ਤਰਸ' ਕਰਨ ਤਕਰੀਰਾਂ, 'ਹੇ ਵਣਜਾਰੇ', ਹੇ ਵਣਜਾਰੇ' ਪੰਛੀ' ਵਣਜ ਕਮਾਵੇ।

### ਪ੍ਰਦੇਸਣ' ਬਾਰੇ ਦੋ ਰੁਬਾਈਆਂ

'ਪ੍ਰਦੇਸਣ' ਮੇਰੀ ਜ਼ਿੰਦੜੀਏ ਨੂੰ, ਵਾਰ ਵਾਰ ਸਮਝਾਇਆ।
ਜੋਬਨ ਜਿੰਦ ਵੈਰਾਗਣ ਹੋਈ, ਬਿਰਹੋਂ ਗੀਤ ਸੁਣਾਇਆ ।
'ਤਰਸ' ਜੀਉ ਤੁਸੀਂ ਬਾਜ਼ੀ ਮਾਰੀ, ਐਸੀ ਬਣਤ ਬਣਾਈ,
ਇਸ ਦੇ ਸਾਰੇ ਅੰਦਰ ਵੱਸੇ, ਅਨਹਦ ਨਾਦ ਸੁਣਾਇਆ।

ਕਿੰਨ ਹੀ ਰੰਗਾਂ ਕਾਵਿ-ਟੁਕੜੀਆਂ ਵਿੱਚ 'ਪ੍ਰਦੇਸਣ' ਸੋਹੇ।
ਜਿਉਂ ਜਿਉਂ ਦਿਲ ਨੂੰ ਪੜ੍ਹਦੇ ਜਾਵੋ, ਤਿਉਂ ਤਿਉਂ ਦਿਲ ਨੂੰ ਮੋਹੇ।
ਜੇਕਰ ਰੂਹ ਪ੍ਰਦੇਸਣ' ਹੋ ਕੇ, ਸਤਿਗੁਰ ਚਰਨੀ ਲੱਗੇ,
ਫੇਰ ਤਾਂ ਘਰ ਵਿੱਚ ਮੇਲਾ ਮਾਣੇਂ, ਦੋਸ਼ ਨਾ ਕਾਸੂੰ ਪੋਹੇ।

### 'ਲਹਿਰਾਂ' ਬਾਰੇ ਦੋ ਰੁਬਾਈਆਂ

ਦਿਲ ਸਾਗਰ ਦੀਆਂ ਲਹਿਰਾਂ' ਅੰਦਰ, ਸਤਿਗੁਰ ਵਾਸਾ ਕੀਤਾ ।
ਤਾਹੀਓਂ ਤਾਂ ਤੁਸੀਂ ਤਰਸ' ਪਿਆਰੇ, ਨਾਮ ਦਾ ਅੰਮ੍ਰਿਤ ਪੀਤਾ।
ਗੁਰੂ ਪ੍ਰੇਮ ਦਾ ਪੱਕਾ ਵਾਸਾ, ਆਪ ਦੇ ਮਨ ਵਿੱਚ ਐਸਾ,
ਚਰਨਾਂ ਸੰਗ ਪ੍ਰੀਤਾਂ ਲਾ ਕੇ, ਸਭ ਸੁੱਖ ਮੇਰਾ ਮੀਤਾ।

ਤਿੰਨ ਸੌ ਨੌਂ ਚੋਬਰਗੇ ਹਨ, ਵਜ਼ਨ ਤੋਲ ਵਿੱਚ ਪੂਰੇ।
ਜਿਹੜਾ 'ਲਹਿਰਾਂ' ਵਿੱਚ ਚਰਾਜੇ, ਉਤਰਨ ਸਕਲ ਵਸੂਰੇ।
ਸਿੰਘ ਦਲਬੀਰ 'ਤਰਸ' ਜੀ ਸਾਹਿਬ, ਸਾਹਿਬ ਨਾਲ ਬਣ ਆਵੇ,
ਫਿਰ ਤਾਂ ਉਹਦਾ ਸਹਾਨਾਂ ਅੰਦਰ, ਰਹਿਣ ਨਾ ਕਾਜ ਅਧੂਰੇ।

### 'ਸੋਹਿਲੜੇ' ਬਾਰੇ ਦੋ ਰੁਬਾਈਆਂ

ਜਿੰਦ ਜਿਨ੍ਹਾਂ ਦੀ ਧਾਰ ਹਲੀਮੀ, 'ਸੋਹਿਲੜੇ' ਪਈ ਗਾਵੇ।
ਤਰ੍ਹਾਂ ਤਰ੍ਹਾਂ ਦੀਆਂ ਰਮਜ਼ਾਂ ਖੋਲਣ, ਕੁਦਰਤ ਨਾਲ ਸੁਹਾਵੇ।
ਬਾਹਿਰੀ ਦਿਲ-ਦਰਿਆ ਦੇ ਵਾਂਗੂੰ, ਕਲ-ਕਲ ਵਹਿੰਦੀ ਜਾਵੇ,
ਨਾਮ ਦੇ ਸੋਹਲੇ, ਸਤਿਗੁਰ ਕਿਰਪਾ, ਲੱਖ-ਲੱਖ ਸ਼ੁਕਰ ਮਨਾਵੇ।

ਦਸ ਘੱਟ ਸੌਂਸੀ 'ਸੋਹਿਲੜੇ', ਤੁਸੀਂ ਐਸੇ ਪ੍ਰੇਮ 'ਚ ਗਾਏ।
ਵੇਖੋ ਜੀ ਇਸ ਨਾਮ ਦੀ ਵਰਖਾ, ਰੂਹ 'ਤੇ ਹੁੰਦੀ ਜਾਏ।
ਜਿੰਨੇ ਪੈਂਡੇ ਲਾਗੀਆਂ ਕਰਦੇ, ਇਹ ਵੀ ਮੁਕਦਾ ਮੁਕਾਲਾ,
ਇੰਜ ਨੱਚਦੇ ਟੱਪਦੇ ਗੰਜਣੇਂ, ਮੁਬਾਰਕ 'ਤਰਸ' ਕਰਾਏ।

### 'ਸਫ਼ਰ' ਮੈਂ ਤੋਂ ਤੂੰ ਤੱਕ ਬਾਰੇ ਦੋ ਰੁਬਾਈਆਂ

ਮੈਂ ਤੋਂ ਤੂੰ ਤਕ 'ਸਫ਼ਰ' ਤੁਸਾਂ ਨੇ ਕਰਕੇ ਬਾਜ਼ੀ ਮਾਰੀ ।
ਇਹ ਤਾਂ ਪੈਂਡਾ ਬਹੁਤਾ ਬਿਖੜਾ, ਕਰੇ ਨਾ ਹਾਰੀ-ਸਾਰੀ।
ਸਫ਼ਰ ਮੁਕਾਕੇ ਤੇ ਸਿਦਕ ਨਾਲ ਹੀ, ਐਸਾ ਸਫ਼ਰ ਮੁਕਾਇਆ,
ਇਹ ਤਾਂ ਲਗਦੇ ਕਰਮ ਗੁਰਾਂ ਦੀ, ਰਾਹ ਰੋਸ਼ਨ ਉਜਿਆਰੀ।

ਐਸੀ ਤਿੰਨ ਰਬਾਈ ਕਹੀਆਂ, ਜੋੜ ਜੋੜ ਕੇ ਧਰੀਆਂ।
ਸੁਚ ਵਿਚਾਰਾਂ, ਨਿਰਮਲ ਅੱਖਰ, ਸੋਹਣੀਆਂ ਗੱਲਾਂ ਕਰੀਆਂ।
ਬੇੜ੍ਹਾ ਜਿਹਾ ਸਲਵਾਰਾ ਸੰਗ ਦਾ, ਪ੍ਰਭ ਸਾਈਂ ਦੀਆਂ ਮੇਹਰਾਂ,
ਏਸ 'ਸਫ਼ਰ' ਵਿੱਚ ਤੁਰਦੇ ਤੁਰਦੇ, ਬਹੁਤ ਮੁਸ਼ਕਿਲਾਂ ਜਰੀਆਂ।

### 'ਹੇ ਵਣਜਾਰੇ' ਬਾਰੇ ਦੋ ਰੁਬਾਈਆਂ

'ਹੇ ਵਣਜਾਰੇ',ਆਖ ਆਖ ਕੇ, ਅੰਦਰੋਂ ਹੋਕਾ ਲਾਇਆ।
ਬਹੁਤ ਪਿਆਰੀਆਂ ਟੁਕੜੀਆਂ ਅੰਦਰ, ਬੋਰਾ ਮਨ ਸਮਝਾਇਆ।
ਇਹ 'ਵਣਜਾਰਾ' ਹੋਕਾ ਦੇਵੇ, ਸਮਝੋ ਤੁਸੀਂ ਪਿਆਰੇ,
ਆਪਣਾ ਅਸਲੀ ਹੋਰ ਟਿਕਾਣਾ, ਇਹ ਹੈ ਜਗਤ ਪਰਾਇਆ।

ਦੋ ਸੌ ਚਾਲੀ ਕਾਵਿ-ਟੋਟੜੀਆਂ, ਚੰਗੀ ਰੋਸ਼ਨ ਵਿਖਾਵਣ।
ਕਾਰ ਕਦੂ ਨਾ ਬਾਜਣ ਹੋਵੇ, ਬਣੇ ਨਾ ਰੂਹੀ ਬਾਜਣ।
ਇਹ ਤਾਂ ਪੰਛੀ ਲੀਕ ਪੰਧਰ 'ਤੇ, ਸਤਿਗੁਰ ਬਾਤ ਅਨੇਰਾ,
'ਤਰਸ' ਨਾਲ 'ਪੰਛੀ' ਵੀ ਤਰਜੇ, ਦੋਨੇ ਰਲੀਆਂ ਮਾਣਨ।

0-0-0

ਕਰਤਾਰ ਸਿੰਘ 'ਪੰਛੀ'
ਮਾਲੇਰਕੋਟਲਾ



Namdhari Elibrary NamdhariElibrary@gmail.com

## ਸੁਹਾਗਣ

—ਦਲਬੀਰ ਸਿੰਘ ਤਰਸ

ਗੁਰ ਸ਼ਬਦੀ ਜੋ ਸੜ ਜਾਏ ਆਪਾ, ਹਰਿ ਸੰਗ ਜੋਟਾ ਪਾ ਲਈਏ,
ਸੱਚੋਂ ਵਿੱਚ ਸਮੋ ਕੇ ਅਨਦਿਨ, ਹਰਿ ਸੱਚੀ ਕਾਰ ਕਮਾ ਲਈਏ।

ਜਿਨ ਜਨ ਸੰਗਤਿ ਪ੍ਰਭ ਜੀ ਵੱਸੇ, ਉਸ ਦਾ ਤੀਰ ਨਸ਼ਾਨਾ ਏਕ,
ਸੱਚੇ ਨਾਂ ਸੀਸ ਤਲੀ ਉਹ ਧਰਦੇ, ਹਰਿ ਹਰਿ ਜਿਸਦੀ ਏਕੋ ਟੇਕ।

ਧਰਤ ਮਾਤ ਜੋ ਮੰਗੇ ਜੀਵਨ, ਹਰਿ ਹਰਿ ਬਰ ਧੋ ਵਾਰ ਗਏ,
ਧਰਮ ਰੁੱਖ ਰਹੇ ਹਰਿਆ ਭਰਿਆ, ਜਲ ਕੇ ਬੌੜ੍ਹਾਂ ਸਿਜਦਾਂ ਕਰੇ।

ਇਨ ਭਗਤਨ ਕੇ ਧੰਨ ਸੂਰਜ 'ਚੋਂ, ਪੁੰਦੇ ਰਹਿਣ ਦੀਦਾਰੇ,
ਹਰਿ ਹਰਿ ਵਾਸਾ ਮਸਤਕ ਜਿਸ ਦੇ, ਮਣੀ ਵਾਂਗ ਲਿਸ਼ਕਾਰੇ।

ਸੋਚ 'ਚ ਚੜ੍ਹਿਆ ਰੰਗ,
ਨਾ ਹੋ ਸੋਚੇ ਬਦੇ ਢੰਗ,
ਪੀਵਹੁ ਅੰਮ੍ਰਿਤਾਂ ਪਾਰਿਓ,
ਇਹੁ ਸਮੇ ਦੀ ਮੰਗ।

1. ਸੱਚੇ—ਸਦਾ ਥਿਰ ਪਰਮਾਤਮਾ, 2 ਸੰਗਤਿ—ਸੰਗਤਿ ਵਿੱਚ, 3 ਨਾ—ਨਾਮ, 4 ਬੌੜ੍ਹ—ਬੌੜ ਨਾਲ, 5. ਸਿਜਦਾ—ਸਿਜ, 6 ਪੀਵਹੁ ਅੰਮ੍ਰਿਤ—ਆਤਮਕ ਅਨੰਦ ਮਾਣੋ, 7. ਪਾਰਿਓ—ਪਿਆਰਿਓ।

---

ਅੰਮ੍ਰਿਤ ਰਸ ਜੋ ਰੱਜ ਰੱਜ ਖਾਵੇ, ਨਾਮ ਹਰੀ ਦਾ ਪੀਵੇ,
ਉਹ ਜਾਣੋ ਸੁਖਦਾਈ ਜੱਗ ਤੇ, ਸੋਚ 'ਚ ਰਹਿ ਜੋ ਜੀਵੇ।

ਇਨ ਭਗਤਨ ਕੀ ਚਾਲ ਨਰਾਲੀ, ਸਮੇ ਦਾ ਬਦਲੇ ਰੰਗ,
ਬਲਵਾਨ ਚਾਲ ਵਿੱਚ ਚੱਲੇ ਹਰ ਕੋ, ਨਾ ਕਰੇ ਹੀਣਾ ਅੰਗ।

ਏਸ ਸਮੇ ਨੂੰ ਜੋ ਸਲਾਹੀਏ, ਸਤਿਜੁਗ ਇਸਦਾ ਨਾਮ,
ਏਥੇ ਸੰਤਾਂ ਸੱਚਿਆਂ ਰਖਵਾਲੀ, ਪਰਮਾਰਥ ਨਾ ਬਦਨਾਮ।

ਜੇ ਵਿੱਚਰੇ ਇਸ ਧਰਤ ਦੇ ਵਾਸੀ, ਗੁਰਮੁਖ ਸਾਰੇ ਹੋ ਜਣ,
ਹਰਿ ਹਰਿ ਦੀ ਹਰਿਆਈ ਵਾਲੇ, ਬੀਜ ਅਨੋਖੇ ਬੋ ਸਣ।

ਖੁਸ਼ ਹੋਵੇ ਮੁਸਕਾਨ,
ਅਮਨ 'ਚ ਲੋਕੀ ਨ੍ਹਾਣ,
ਸੋਚੋ ਹੋ ਜਗ ਵਾਸੀਓ,
ਰੂਪ ਇਹੁ ਭਗਵਾਨ।

1. ਕੋ—ਕੋਈ, 2. ਹੀਣਾ ਅੰਗ—ਹੋਛੇ ਕਰਮ ਕੋਈ ਚਾਲ, 3. ਸੰਤਾਂ—ਤਾਕਤ, ਹਕੂਮਤ, 4. ਸਤਿ—ਸੱਚ ਦੀ, 5. ਨ—ਨਹੀਂ, 6. ਸਣ—ਜਾਣ।

## ਤੇਗ ਬਹਾਦੁਰ ਸਤਿਗੁਰੂ

ਤੇਗ ਬਹਾਦੁਰ ਸਤਿਗੁਰੂ, ਨਿਰਭਉ ਤੇ ਨਿਰਵੈਰ,
ਸਭਨਾਂ ਤਾਈਂ ਪਿਆਰਦੇ, ਕਿਸੇ ਨ ਸਮਝਣ ਗੈਰ।
ਤੇਗ ਬਹਾਦੁਰ ਸਤਿਗੁਰੂ, ਨਾਨਕੀ ਜੀ ਦੇ ਲਾਲ,
ਡਰਦਾ ਕੰਬਦਾ ਜਿਨ੍ਹਾਂ ਤੋਂ, ਨੇੜੇ ਆਇ ਨ ਕਾਲ।
ਤੇਗ ਬਹਾਦੁਰ ਦੀਨਬੰਧੁ, ਦੀਨਾਂ ਲਈ ਕੁਰਬਾਨ,
ਹੋ ਕੇ ਕੌਮ ਬਚਾ ਲਈ, ਵਾਰ ਆਪਣੇ ਪਰਾਨ।
ਤੇਗ ਬਹਾਦੁਰ ਗੁਰੂ ਜੀ, ਧਰਮ ਧੁਰੰਧਰ ਧੀਰ,
ਰਖਵਾਲੇ ਹਿੰਦੂਦੇਸ਼ ਦੇ, ਦੀਨ ਦੁਨੀ ਦੇ ਪੀਰ।
ਤੇਗ ਬਹਾਦੁਰ ਗੁਰੂ ਜੀ, ਜਗ ਝੰਜਟ ਤੋਂ ਦੂਰ,
ਸ਼ਾਂਤਿ-ਸਰੂਪ ਅਡੋਲ ਦਿਲ, ਸਾਗਰ ਜਿਉਂ ਭਰਪੂਰ।
ਤੇਗ ਬਹਾਦੁਰ ਸਤਿਗੁਰੂ, ਕੰਵਲ ਵਾਂਗ ਨਿਰਲੇਪ,
ਵਸਦੀ ਰਸਦੀ ਦੁਨੀ ਵਿਚ, ਰਹਿੰਦੇ ਕੰਵਲ ਅਲੇਪ।

(ਸੰਤ ਇੰਦਰ ਸਿੰਘ ਚਕ੍ਰਵਰਤੀ)

## ਹੰਝੂ

—ਸ਼ਿਵ ਕੁਮਾਰ ਬਟਾਲਵੀ

ਹੰਝੂ ਸਾਰੇ,
ਮੈਂ ਮਿੱਤਰ ਜੇ
ਬੜੇ ਪਿਆਰੇ ਹੈ ਲਗਦੇ

ਸਾਡੇ ਦੁੱਖ ਦੀ ਖਾਤਿਰ ਜਿਹੜੇ
ਚੁੱਪ-ਚੁਪੀਤੇ
ਨੇ ਡਿੱਗ ਮਰਦੇ

ਕਹਿੰਦੇ, ਹੰਝੂ ਸੀ ਵੱਟੇ ਜੋ
ਪਿਆਰ ਨੂੰ ਤੋਲਣ
ਤੱਕੜੀ ਚੜ੍ਹਦੇ

ਮੈਂ ਯਾਰਾਂ ਦੀ ਯਾਰੀ ਨਾਲੋਂ
ਇਕ ਹੰਝੂ ਦੀ ਯਾਰੀ ਚੰਗੀ
ਪਿਆਰ ਦੀ ਬਾਜ਼ੀ
ਜਿੱਤਣ ਨਾਲੋਂ
ਪਿਆਰ ਦੀ ਬਾਜ਼ੀ
ਹਾਰੀ ਚੰਗੀ।

ਸੂਣਾ ਵਿੱਚੋਂ



Namdhari Elibrary NamdhariElibrary@gmail com

# ਸ੍ਰਿਸ਼ਟੀ ਸੰਗੀਤ ਦੇ ਰਾਖੇ—ਸ੍ਰੀ ਗੁਰੂ ਗੋਬਿੰਦ ਸਿੰਘ ਜੀ

—ਕਰਤਾਰ ਸਿੰਘ ਨੀਲਧਾਰੀ

ਸੰਗੀਤ ਸੁਰ ਤੇ ਤਾਲ ਦੇ ਆਧਾਰ ਤੇ ਟਿਕਿਆ ਹੋਇਆ ਹੈ। ਇਸ ਲਈ ਆਚਾਰ-ਵਿਵਹਾਰ ਤੇ ਅਧਿਕਾਰ ਦੀ ਮਰਯਾਦਾ ਵਿਚ ਰਹਿਣ ਵਾਲੇ ਪ੍ਰਕਿਰਤੀ ਵਿਚ ਥਾਪੇ ਗਏ ਪ੍ਰਬੰਧਕਾਂ ਨੂੰ ਸੁਰ (ਦੇਵਤਾ) ਕਿਹਾ ਜਾਂਦਾ ਹੈ। ਸਮਾਜ ਦੀ ਸ਼ਾਂਤੀ ਤੇ ਸੰਤੁਲਨ ਨੂੰ ਵਿਗਾੜਨ ਵਾਲਿਆਂ ਨੂੰ ਅਸੁਰ(ਦੈਂਤ, ਰਾਖਸ਼ ਜਾਂ ਦਾਨਵ) ਕਿਹਾ ਜਾਂਦਾ ਹੈ। ਜਿਹੜੇ ਵਿਅਕਤੀ ਮਨੁਖਾ ਜੀਵਨ ਦੇ ਭਾਤਪਰਯ ਨੂੰ ਸਕਾਰਥ ਕਰ ਲੈਂਦੇ ਹਨ ਅਤੇ ਦੇਵਤਿਆਂ ਲਈ ਦੁਰਲਭ ਸਹਿਜ ਅਵਸਥਾ ਪ੍ਰਾਪਤ ਕਰ ਲੈਂਦੇ ਹਨ ਉਨ੍ਹਾਂ ਨੂੰ ਸੰਤ ਕਿਹਾ ਜਾਂਦਾ ਹੈ। ਆਸੁਰੀ ਸ਼ਕਤੀਆਂ ਹਮੇਸ਼ਾ ਹੀ ਭਗਤੀ ਰਾਹ ਤੇ ਤੁਰਦੇ ਜਗਿਆਸੂਆਂ ਤੇ ਅਭਿਆਸੀਆਂ ਨੂੰ ਆਪਣੀ ਬੇਸੁਰੀ ਸਾਕਤ ਚਰਤ ਦੀ ਰੁਕਾਵਟ ਮੰਨਦੀਆਂ ਹਨ। ਇਸ ਤਰ੍ਹਾਂ ਸ੍ਰਿਸ਼ਟੀ ਸੰਗੀਤ ਤੇ ਵਿਸ਼ੇਸ਼ ਕਰਕੇ ਇਸ ਵਿਚ ਸਰਬ ਸ੍ਰੇਸ਼ਟ ਕਿਰਤ ਮਨੁਖਤਾ ਦੇ ਜੀਵਨ ਸੰਗੀਤ ਨੂੰ ਲੈ ਬੱਧ ਕਰਨ ਲਈ ਪਰਮਾਤਮਾ ਨੂੰ ਆਪ ਅਵਤਾਰ ਲੈ ਕੇ ਸੰਸਾਰ ਵਿਚ ਆਉਣਾ ਪੈਂਦਾ ਹੈ। ਐਸੇ ਸਾਰੇ ਅਵਤਾਰੀ ਪੁਰਸ਼ਾਂ ਦਾ ਸੰਗੀਤ ਦੇ ਨਾਲ ਖਾਸ ਮੋਹ ਰਿਹਾ ਹੈ। ਉਹ ਸੰਸਾਰ ਵਿਚ ਆ ਕੇ ਮਨੁਖਤਾ ਦਾ ਸੁਰ ਤਾਲ ਠੀਕ ਕਰਕੇ ਧਰਤੀ ਦੇ ਮਨੁਖਾਂ ਨੂੰ ਆਂਤਰਿਕ ਸੰਗੀਤ (ਅਨਾਹਦ ਨਾਦ) ਨਾਲ ਜੁੜਨ ਦਾ ਸੰਦੇਸ਼ ਦੇਂਦੇ ਆਏ ਹਨ। ਅਨਹਦ ਨਾਦ ਜੋ ਜ਼ਾਹਿਰਾ ਤੌਰ ਤੇ ਹਿਰਦੇ ਦੀ ਧੜਕਣ ਬਣ ਕੇ ਜਿੰਨਾ ਚਿਰ ਵਜ ਰਿਹਾ ਹੈ ਉਨ੍ਹਾਂ ਚਿਰ ਹੀ ਮਨੁਖ ਜਿਊਂਦਾ ਹੈ। ਜਦੋਂ ਤੱਕ ਸ੍ਰਿਸ਼ਟੀ ਸੰਗੀਤ ਦਾ ਮਨੁਖਾਂ ਤੇ ਹੋਰ ਪ੍ਰਾਣੀਆਂ ਵਿਚ ਇਹ ਨਾਦ ਚਲਦਾ ਰਹਿੰਦਾ ਹੈ ਉਨੀ ਦੇਰ ਹੀ ਜੀਵਨ ਹੈ ਤੇ ਇਸ ਤੋਂ ਬਗੈਰ ਮ੍ਰਿਤੂ-ਮਿੱਟੀ ॥

ਹਿਰਦੇ ਦੇ ਅਨਹਦ ਨਾਦ ਦੀ ਚੇਤਨਾ ਨੂੰ ਅਨਾਦੀ ਸੰਗੀਤ ਨਾਲ ਜੋੜਨ ਲਈ ਗੁਰਪ੍ਰਸਾਦਿ ਰੂਪੀ ਮਾਰਗ ਦੇ ਸਵਾਸ ਤਾਰ ਵਜਾਣੇ ਪੈਂਦੇ ਹਨ ਤੇ ਪਰਮ ਲਕਸ਼ ਦੇ ਤੌਰ ਤੇ ਅਨਾਹਦ ਨਾਦ (ਸ੍ਰਿਸ਼ਟੀ ਰਚਨਾ ਕਾਰ ਦਾ ਸੰਗੀਤਕ ਰੂਪ ਨਿਰਬਾਨ ਕੀਰਤਨ) ਦੀ ਅਨੁਭੂਤੀ ਹੁੰਦੀ ਹੈ। ਉਸ ਅਨੰਦ ਤੋਂ ਵੱਡਾ ਕੋਈ ਅਨੰਦ ਨਹੀਂ ਤੇ ਉਸ ਅਨੰਦ ਤੋਂ ਅਗੇ ਵੀ ਕੁਝ ਨਹੀਂ। ਇਸੇ ਲਈ ਭਗਤੀ ਲਹਿਰ ਦੇ ਸਾਰੇ ਸੰਤਾਂ ਨੇ ਗਾ ਗਾ ਕੇ ਉਸ ਅਨਾਦੀ ਗਵਈਏ ਦੇ ਸੰਗੀਤ (ਅਨਾਹਤ-ਨਾਦ) ਨਾਲ ਆਤਮਾ ਨੂੰ ਸੁਰ ਬੱਧ ਕਰ ਲਿਆ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਚਖੰਡ ਦੇ ਸੰਗੀਤ ਨੂੰ ਧਰਤੀ ਤੇ ਉਤਾਰਨ ਲਈ ਧਰਮ ਚੱਕਰ ਲਈ ਉਦਾਸੀ ਆਰੰਭ ਕਰਨ ਸਮੇਂ ਸਾਥੀ ਭਾਈ ਮਰਦਾਨੇ ਨੂੰ ਨਾਲ ਰਖਿਆ। ਗੁਰੂ ਬਾਬੇ ਦੇ ਸਥਾਪਿਤ ਕੀਤੇ ਸਿਖ ਧਰਮ ਲਈ ਗੁਰਬਾਣੀ ਤੇ ਗੁਰਬਾਣੀ ਕੀਰਤਨ ਗੁਰੂ ਬਾਬੇ ਦੇ ਪਰਯਾਯ ਬਣ ਗਏ ਅਤੇ ਗੁਰੂ ਬਾਬੇ ਨੇ ਕੋਈ ਭੁਲੇਖਾ ਨਹੀਂ ਰਖਿਆ-

ਤਹਾ ਬੈਕੁੰਠੁ ਜਹ ਕੀਰਤਨੁ ਤੇਰਾ
ਤੂੰ ਆਪੇ ਸਰਧਾ ਲਾਇਹਿ ॥ (ਅੰਕ - ੭੪੯)

ਧਰਤੀ ਉਤੇ ਕੀਰਤਨ ਰੂਪੀ ਬੈਕੁੰਠ ਉਤਾਰ ਦਿਤਾ ਗਿਆ ਤੇ ਕੋਈ ਵੀ ਸ਼ਰਧਾਵਾਨ ਇਸ ਸੰਗੀਤ ਦੀਆਂ ਪੌੜੀਆਂ ਚੜ ਕੇ ਅੰਦਰ ਆਤਮਾ ਨੂੰ ਪ੍ਰਕਾਸ਼ਿਤ ਕਰਕੇ ਅਨਾਹਦ ਨਾਦ ਨਾਲ ਜੁੜ ਸਕਦਾ ਹੈ -

ਗੁਣ ਗੋਵਿੰਦ ਗਾਵਹੁ ਸਭਿ ਹਰਿਜਨ
[illegible]
ਕੋਟਿ ਜਨਮ ਕੀ ਤ੍ਰਿਸਨਾ ਨਿਵਰੀ
ਰਾਮ ਰਸਾਇਣਿ ਆਤਮ ਧ੍ਰਾਪ (ਅੰਕ-੯੨੧)

ਗੁਰਬਾਣੀ ਦਾ ਜਦੋਂ ਗ੍ਰੰਥ ਰਚਿਆ ਗਿਆ ਤਾਂ ਉਸ ਦੀ ਰਚਨਾ ਰਾਗ ਬੱਧ ਜੁਗਤ ਨਾਲ ਕੀਤੀ ਗਈ। ਗੁਰਬਾਣੀ ਮਨੁਖੀ ਅਰਦਾਸ ਨੂੰ ਆਕਾਸ਼ਾਂ ਦੇ ਆਕਾਸ਼ ਦੇ ਸੁਆਮੀ ਦੇ ਸੰਗੀਤ ਨਾਲ ਜੋੜਨ ਵਾਲੀ ਪਉੜੀ ਹੈ। ਗੁਰਬਾਣੀ ਦਾ ਵਿਸ਼ਾ ਸਿਰਫ ਇਕੋ ਹੈ- ਕਰਤਾ ਪੁਰਖ ਦੀ ਉਸਤਤਿ- ਭਗਤੀ। ਇਸੇ ਲਈ

ਕਲਜੁਗ ਮਹਿ ਕੀਰਤਨ ਪਰਧਾਨਾ ॥
ਗੁਰਮੁਖਿ ਜਪੀਐ ਲਾਇ ਧਿਆਨਾ ॥ (ਅੰਕ-੧੦੭੫)

ਛੇਵੇਂ ਗੁਰੂ ਜੀ ਨੇ ਬਾਣੀ ਰਚੀ ਨਹੀਂ ਪਰ ਬਹੁਤ ਬਾਣੀ ਗਾਈ, ਗਵਾਈ ਤੇ ਸੰਗਤਾਂ ਨੂੰ ਸੁਣਾਈ। ਆਸੁਰੀ ਸ਼ਕਤੀਆਂ ਨੂੰ ਸੋਧਨ ਲਈ ਦੋ ਤਲਵਾਰਾਂ ਧਾਰਨ ਕਰਕੇ ਮੀਰੀ ਤੇ ਪੀਰੀ ਦਾ ਅਨੋਖਾ ਤੇ ਪ੍ਰਤੱਖ ਸੰਗੀਤ ਸਿਰਜ ਕੇ ਵਿਖਾ ਦਿਤਾ। ਢਾਡੀਆਂ ਨੂੰ ਬੁਲਾ ਕੇ ਗੁਰਬਾਣੀ ਗਾਇਣ ਨੂੰ ਲੋਕ ਪ੍ਰਚਲਿਤ ਧੁਨਾਂ ਨਾਲ ਜੋੜ ਕੇ ਭਗਤੀ ਰਸ ਦੀਆਂ ਵਾਰਾਂ ਨੂੰ ਸ਼ਕਤੀ ਦੇ ਸੋਮੇ ਬਣਾ ਦਿਤਾ। ਦਸਵੇਂ ਜਾਮੇ ਨੇ ਚਾਰ ਜੁਗ ਦੀ ਅਣਸੁਲਝੀ ਮਨੁੱਖਤਾ ਨੂੰ ਨਵੀਂ ਸੰਗੀਤ ਸੇਧ ਦੇਣ ਦਾ ਉਪਰਾਲਾ ਕੀਤਾ। ਗੁਰੂ ਦੀਖਿਆ ਦੀ ਚਰਨ ਪਾਹੁਲ ਰੀਤ ਨੂੰ ਪੰਜ ਬਾਣੀਆਂ ਨਾਲ ਤਿਆਰ ਕੀਤੇ ਖੰਡੇ ਪਾਹੁਲ ਦੀ ਦੀਖਿਆ ਦਾ ਰੂਪ ਦੇ ਕੇ ਪੰਜ ਸ਼ਬਦ ਸੁਣਨ ਦੇ ਰਾਹ ਤੇ ਤੋਰ



Namdhari Elibrary NamdhariElibrary@gmail.com

ਦਿਤਾ । ਸਿੱਖਾਂ ਦੇ ਨਾਮ ਸਦਾ ਲਈ ਸਿੰਘ ਉਪਨਾਮ ਜੋੜ ਦਿਤੇ ਗਏ। ਸੰਗੀਤ ਦੇ ਵੱਖ ਵੱਖ ਸੱਤ ਸੁਰ ਵੱਖ ਵੱਖ ਪਸ਼ੂ ਪੰਛੀਆਂ ਦੀ ਆਵਾਜ਼ ਦੇ ਆਧਾਰ ਤੇ ਬਣੇ ਹਨ, ਪਰ ਇਨ੍ਹਾਂ ਵਿਚ ਸ਼ੇਰ ਦੀ ਆਵਾਜ਼ ਕਿਤੇ ਨਹੀ ਵਰਤੀ ਗਈ। ਸਿੰਘ ਜਾਂ ਸ਼ੇਰ ਸ਼ਕਤੀ ਦਾ ਪ੍ਰਤੀਕ ਹੈ ਇਸ ਲਈ ਸੱਤ ਸੁਰਾਂ ਨਾਲ ਚਲ ਰਹੇ ਸ੍ਰਿਸ਼ਟੀ ਸੰਗੀਤ ਦੀ ਰਖਿਆ ਲਈ ਸਿੰਘਾਂ ਨੂੰ ਸਦੀਵੀ ਰਾਖੇ ਬਣਾ ਦਿਤਾ ਗਿਆ। ਸ਼ਸਤਰਾਂ ਨਾਲ ਜੋੜ ਕੇ ਖਾਲਸਾ ਦੀ ਖਾਲਿਸ ਹੋਣ ਦੀ ਪਹਿਚਾਨ ਲਈ ਸ਼ਰਤ ਰਖੀ ਗਈ–

ਪੂਰਨ ਜੋਤਿ ਜਗੈ ਘਟ ਮੈ,
ਤਬ ਖਾਲਸ ਤਾਹਿ ਨਖਾਲਸ ਜਾਨੈ ॥

ਅੰਤਰ ਆਤਮਾ ਦੀ ਜੋਤਿ ਜਾਗਰਣ ਨਾਲ ਹੀ ਤਾਂ ਅਨਾਹਦ ਨਾਦ ਦੀ ਪ੍ਰਾਪਤੀ ਹੁੰਦੀ ਹੈ–

ਜਹ ਝਿਲਿਮਿਲਿ ਕਾਰੁ ਦਿਸੰਤਾ ॥
ਤਹ ਅਨਹਦ ਸਬਦ ਬਜੰਤਾ ॥
ਜੋਤੀ ਜੋਤਿ ਸਮਾਨੀ ॥ ਮੈ ਗੁਰ ਪਰਸਾਦੀ ਜਾਨੀ ॥
(ਸੋਰਠਿ ਨਾਮਦੇਉ–੬੫੭)

ਇਸ ਤਰ੍ਹਾਂ ਖਾਲਸਾਈ ਸਗੀਤ ਦੀ ਇਸ ਅਗੰਮੀ ਉਸਾਰ ਵਿਚ ਗੁਰੂ ਕੇ ਲਾਲ ਇਕ ਪਾਸੇ ਆਸੁਰੀ ਸ਼ਕਤੀਆਂ ਨੂੰ ਸ਼ਿਕਸਤ ਦੇਣ ਲਈ ਸ਼ਸਤ੍ਰਾਂ ਦੀ ਸੰਗੀਤ ਮੈ ਵਰਤੋਂ ਕਰ ਰਹੇ ਸਨ। ਅਤੇ ਅੰਤਰ ਮਨ ਕੀਰਤ-ਕੀਰਤਨ ਸਿਮਰਨ ਰਾਹੀਂ ਆਤਮ ਸੰਗੀਤ ਦਾ ਰਸ ਮਾਨਣ ਲਈ ਉਤਸਾਹੀ ਰਹਿੰਦੇ ਸਨ। ਗੁਰੂ ਜੀ ਨੇ ਸ਼ਸਤਰਾਂ ਦੀ ਘਨਘੋਰ ਵਿਚੋਂ ਅਜਿਹਾ ਊਰਜਾ ਵਾਲਾ ਸੰਗੀਤ ਪੈਦਾ ਕੀਤਾ ਕਿ ਨਸ਼ਵਰ ਦੇਹਾਂ ਤੋਂ ਨਿਰਮੋਹੀ ਗੁਰੂ ਕੇ ਸਿੱਖ ਸ਼ਸਤ੍ਰਾਂ ਦੀ ਵਰਤੋਂ ਵੀ ਸਦਾ ਸੁਰ ਵਿਚ ਕਰਦੇ ਸਨ। ਰਬਾਬ ਦੀਆਂ ਤੰਦਾਂ ਬਕਰੇ ਦੀਆਂ ਆਂਦਰੀਆਂ ਤੋਂ ਬਣਾਈਆਂ ਜਾਂਦੀਆਂ ਹਨ ਢੋਲ ਆਦਿਕ ਨੂੰ ਮੜ੍ਹਨ ਲਈ ਜਾਨਵਰਾਂ ਦੀ ਖੱਲ ਦਾ ਇਸਤੇਮਾਲ ਹੁੰਦਾ ਹੈ। ਸੰਖ ਵੀ ਇਕ ਸਮੁੰਦਰੀ ਜੀਵ ਹੈ ਅਤੇ-ਟੱਲ ਤੇ ਛੈਣੇ ਵੀ ਕਈ ਧਾਤੂਆਂ ਦੇ ਮਿਸ਼ਰਣ ਨਾਲ ਬਣੇ ਕਾਂਸੇ ਨਾਲ ਵਜਦੇ ਹਨ। ਇਸ ਲਈ ਗੁਰੂ ਕੇ ਸਿੱਖਾਂ ਨੇ ਧਰਤੀ ਦੇ ਸੰਗੀਤ ਦੀ ਰਖਿਆ ਲਈ ਜਾਲਮਾਂ ਨਾਲ ਜੂਝਦੇ ਹੋਏ ਸਰੀਰ ਦਾ ਹਰੇਕ ਅੰਗ ਇਸ ਸੰਗੀਤ ਯਗ ਦੀ ਭੇਟ ਚੜ੍ਹਾਇਆ ।

ਗੁਰੂ ਸਿਖਾਂ ਵਿਚ ਬੀਰ ਰਸੀ ਸੰਗੀਤ ਦੀ ਉਤੇਜਨਾ ਭਰਨ ਲਈ ਅਤੇ ਸ਼ਕਤੀ ਦੇ ਸਾਰਥਕ ਸਿੰਘ ਵਾਹਨ ਪ੍ਰਮਾਣਿਤ ਕਰਨ ਲਈ ਦਸ਼ਮੇਸ਼ ਪਿਤਾ ਨੇ ਸੁਰ-ਅਸੁਰ ਯੁਧਾਂ ਨਾਲ ਜੁੜੀ ਦੁਰਗਾ ਸਪਤ ਸ਼ਤੀ ਨੂੰ ਸੰਗੀਤ ਦਾ ਅਗੰਮੀ ਜਾਮਾ ਪੁਆ ਕੇ ਖੰਡੇ ਧਾਰ ਨਾਦ ਬਣਾ ਦਿਤਾ । ਮ੍ਰਿਦੰਗ ਦੀ ਧੁਨੀ ਨਾਲ ਸੁਰ ਤਾਲ ਹੋਏ ਸੰਗੀਤ ਭੁਜੰਗ ਪ੍ਰਯਾਤ ਛੰਦ (ਚੰਡੀ ਚਰਿਤ੍ਰ ਦੂਜਾ ਪਉੜੀ ੧੧੨ ਤੇ ੧੧੯ ਵਿਚੇ) ਸਿੱਧਾ ਜੰਗੇ ਮੈਦਾਨ ਵਿਚ ਲੈ ਜਾਂਦਾ ਹੈ–

ਕਾਗੜਦੰਗ ਕਾਤੀ ਕਟਾਰੀ ਕੜਾਕੰ।
ਤਾਗੜਦੰਗ ਤੀਰੰ ਤੁਪਕੰ ਤੜਾਕੰ।
ਝਾਗੜਦੰਗ ਨਾਗੜਦੰਗ ਬਾਗੜਦੰਗ ਬਾਜੇ।
ਗਾਗੜਦੰਗ ਗਾਜੀ ਮਹਾ ਗੱਜਗਾਜੇ ॥੧੧੨।

ਸਾਗੜਦੰਗ ਸੰਖੰ ਨਾਗੜਦੰਗ ਨਫੀਰੰ।
ਗਾਗੜਦੰਗ ਗੈਮਾਯਰੱਜੇ ਗਹੀਰੰ।
ਨਾਗੜਦੰਗ ਨਗਾਰੇ ਬਾਗੜਦੰਗ ਬਾਜੇ।
ਜਾਗੜ ਦੰਗ ਜੋਧਾ ਗਾਗੜ ਦੰਗ ਗਾਜੇ ॥ (੧੧੯)

"ਬਾਬਰਵਾਣੀ ਵਿਰਾਗਈ",ਵਿਚ ਗੁਰੂ ਬਾਬੇ ਨੇ ਜੰਗ ਵਿਚਲੇ ਅਸੁਰੀ ਵਿਨਾਸ਼ ਦੀ ਕਰੁਣ ਗਾਥਾ ਗਾਈ ਹੈ। ਗੁਰੂ ਬਾਬਾ ਦਸਵੇਂ ਜਾਮੇ ਦੇ ਰੂਪ ਵਿਚ ਜੰਗੇ ਮੈਦਾਨ ਦੇ ਵਿਚ ਸੁਰ ਸ਼ਕਤੀਆਂ ਦੀ ਪਕੜ ਲਈ ਸੱਪ ਦੀ ਤਿੱਖੀ ਤੇ ਡਰਾਵਨੀ ਚਾਲ ਨਾਲ ਜੁੜੀ ਛੰਦ ਸ਼ੈਲੀ ਵਿਚ ਸੰਗੀਤ ਨਾਦ ਦੀ ਗੂੰਜ ਨਾਲ ਆਸੁਰੀ ਸ਼ਕਤੀਆਂ ਦੇ ਨਾਸ਼ ਦਾ ਭੇਰੀ ਨਾਦ ਵਜਾ ਵਜਾ ਕੇ ਮਨੁਖਤਾ ਦੇ ਸਦੀਵੀ ਜਾਗਰਣ ਦਾ ਸੰਗੀਤ ਪੈਦਾ ਕਰ ਰਿਹਾ ਹੈ।

ਆਸੁਰੀ ਸ਼ਕਤੀਆਂ ਨਾਲ ਸੰਘਰਸ਼ ਕਰਦੇ ਹੋਏ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਖੰਡੇ ਪਾਹੁਲ ਦੀ ਪੰਜ ਬਾਣੀਆਂ ਤੇ ਅਨਾਹਦ ਨਾਦ ਦੇ ਪੰਜ ਸ਼ਬਦਾਂ ਦੇ ਪ੍ਰਤੀਕ ਪੰਜ ਕਿਲਿਆਂ ਦੇ ਪਸਾਰੇ ਵਿਚ ਵਸਾਈ ਆਨੰਦਪੁਰੀ ਨੂੰ ਛਡਣ ਦਾ ਸਮਾ ਪੋਹ ਸੰਵਤ ੧੭੬੨ (ਦਿਸੰਬਰ ੧੭੦੫) ਵਿਚ ਆ ਗਿਆ। ਉਸ ਸਮੇ ਸਾਰੀ ਕਾਇਨਾਤ ਠੰਡੀ ਆਹਾਂ ਭਰ ਰਹੀ ਤੇ ਪੋਹ ਦੀਆਂ ਠੰਡੀਆਂ ਹਵਾਵਾਂ ਪਿੱਛੇ ਚੀਕ ਰਹੀਆਂ ਸਨ। ਸਾਰੀਆਂ ਦੈਵ ਸ਼ਕਤੀਆਂ ਖੂਨ ਦੇ ਹੰਝੂ ਕੇਰ ਰਹੀਆਂ ਸਨ ਤੇ ਲਗਾਤਾਰ ਕਿਣ ਮਿਣ ਹੋ ਰਹੀ ਸੀ। ਘੋੜਿਆਂ ਤੇ ਚਲਦੇ ਹੋਏ ਤੇ ਪਿਛੋਂ ਆ ਰਹੀਆਂ ਬਈਆਨ ਆਸੁਰੀ ਸ਼ਕਤੀਆਂ ਨਾਲ ਜੂਝਦੇ ਗੁਰੂ ਜੀ ਸਿਰਸਾ ਕੰਢੇ ਪੁੱਜੇ। ਅੰਮ੍ਰਿਤ ਵੇਲਾ ਜਾਣ ਕੇ ਆਸਾ ਦੀ ਵਾਰ ਦੇ ਕੀਰਤਨ ਦਾ ਨਿਤਨੇਮ ਸ਼ੁਰੂ ਹੋ ਗਿਆ ਤੇ ਖਾਲਸਾਈ ਸੂਰਮੇ ਘੇਰਾ ਪਾਕੇ ਖੰਡੇ, ਤੀਰ ਤੇ ਤੁਪਕ ਦੇ ਸੰਗੀਤ ਨਾਲ ਤਾਲ ਦੇ ਰਹੇ ਸਨ। ਪਹਾੜਾਂ ਦੇ ਦੇਵਤਿਆਂ ਦੀ ਹੰਝੂ ਬਰਖਾ ਨਾਲ ਭਰੀ ਸਰਸਾ ਆਸੁਰੀ ਸ਼ਕਤੀਆਂ ਦੀ ਮਦਦ ਗਾਰ ਬਣੀ ਹੋਈ ਸੀ। ਪੰਥ ਲਈ ਜੀਵਣ ਮਰਣ ਦੇ ਉਸ ਸੰਘਰਸ਼ ਵਿਚ ਉਸ ਵੇਲੇ ਹੀ ਗੁਰੂ ਜੀ ਨੇ ਜਿਵੇਂ ਸਰਬੰਸ ਦਾਨ ਦੀ ਵਿਉਂਤ ਬੰਦੀ ਕਰ ਲਈ ਸੀ।

ਗੁਰੂ ਜੀ ਦੇ ਨਾਲ ਤਿਰਭਾਲੀ ਸਿੰਘ ਤੇ ਦੋ ਸਾਹਿਬ



Namdhari Elibrary NamdhariElibrary@gmail.com

ਜ਼ਾਦੇ ਚਮਕੌਰ ਦੀ ਗੜ੍ਹੀ ਵਿਚ ਪੁੱਜ ਕੇ ਮੋਰਚਾ ਬੰਦੀ ਕਰ ਰਹੇ ਸਨ ਤੇ ਪਿਛੇ ਕਹਿਰ ਦੇ ਦਰਿਆ ਵਾਂਗ ਫੌਜਾਂ ਤੇ ਲੁਟੇਰੇ ਚੜ੍ਹੇ ਆ ਰਹੇ ਸਨ। ਸ਼ਸਤ੍ਰਾਂ ਦੀ ਸੰਗੀਤ ਸੁਰਾਂ ਦਾ ਅਨੋਖਾ ਮਾਰੂ ਰਾਗ ਸਵੇਰ ਲਈ ਸਾਜ ਕੱਸ ਰਿਹਾ ਸੀ। ਬਾਦ ਦੁਪਹਿਰ ਧਾੜਵੀਆਂ ਨਾਲ ਜੂਝਦੇ ਹੋਏ ੩੦-੩੨ ਸਿੰਘ ਤੇ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਆਤਮ ਸੰਗੀਤ ਦੀ ਵੀਣਾ ਦੇ ਤਾਰਾਂ ਨੂੰ ਆਪਣੇ-ਆਪਣੇ ਲਹੂ ਨਾਲ ਲਿਸ਼ਕਾ ਚੁਕੇ ਸਨ। ਦੂਰ ਦੂਰ ਲਾਸ਼ਾਂ ਦੇ ਢੇਰਾਂ ਵਿਚੋਂ ਇਹ ਸੂਰਜ ਮੁਖੀ ਸ਼ਹੀਦ ਚੰਦ ਦੀ ਨਿੰਮੀ ਲੋਅ ਵਿਚ ਵੀ ਲਿਸ਼ਕਦੇ ਵੇਖੇ ਜਾ ਸਕਦੇ ਸਨ। ਪਰ ਕਿਸੇ ਦੀ ਲੋਥ ਨੂੰ ਉਥੇ ਅਗਨੀ ਭੇਟ ਕਰਨ ਦਾ ਕੋਈ ਸਮਾ ਵਸੀਲਾ ਤੇ ਵਿਉਂਤ ਨਹੀਂ ਸੀ ।

ਖਾਲਸਾਈ ਹੁਕਮ ਨਾਲ ਗੁਰੂ ਜੀ ਚਮਕੌਰ ਦੀ ਗੜ੍ਹੀ ਤੋਂ ਬਾਹਰ ਨਿਕਲੇ ਤੇ ਵਿਉਂਤ ਬੰਦੀ ਨਾਲ ਤਿੰਨ ਸਿੰਘ (ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਤੇ ਭਾਈ ਮਾਨ ਸਿੰਘ ਜੀ) ਵੀ ਵੱਖ ਵੱਖ ਦਿਸ਼ਾਵਾਂ ਵਲ ਨਿਕਲ ਤੁਰੇ। ਲਾਸ਼ਾਂ ਵਿਚੋਂ ਰਾਹਾਂ ਬਣਾਂਦੇ ਹੋਏ ਰਾਤ ਦੇ ਧੁੰਧਲਕੇ ਵਿਚ ਤਾੜੀ ਦੇ ਤਾਲ ਨਾਲ ਮਾਰੂ ਸੰਗੀਤ ਸੁਰ ਗੂੰਜੀ-"ਹਿੰਦੂਆਂ ਦਾ ਪੀਰ ਚਲਿਆ ਜੇ" ਮੁਗਲਾਂ ਤੇ ਪਹਾੜੀ ਫੌਜਾਂ ਵਿਚ ਭਾਜੜ ਪੈ ਗਈ ਪਰ ਤਾਰਿਆਂ ਦੀ ਸੇਧ ਵਿਚ ਸੰਗੀਤ ਕਾਰ ਯਾਤਰੀ ਮਿਥੇ ਹੋਏ ਮਾਛੀਵਾੜੇ ਦੇ ਜੰਗਲਾਂ ਵਲ ਵੱਧ ਰਹੇ ਸਨ। ਮੁਗਲ ਤੇ ਪਹਾੜੀ ਫੌਜਾਂ ਆਪਸ ਵਿਚ ਹੀ ਕਟ ਵੱਢ ਕਰ ਕੇ ਸਵੇਰ ਦੀ ਲੋਅ ਨੂੰ ਉਡੀਕ ਰਹੀਆਂ ਸਨ ਕਿ ਸੂਰਮਤਾਈ ਦੇ ਘਾਟੇ ਵੱਧ ਗਿਣੇ ਜਾ ਸਕਣ।

ਮਾਛੀਵਾੜੇ ਦੇ ਜੰਗਲ ਵਿਚ ਕੰਡਿਆਲੀ ਝਾੜੀਆਂ ਦੀ ਓਟ ਵਿਚ ਇਕ ਟਿੰਡ ਦਾ ਸਿਰਹਾਣਾ ਬਣਾ ਕੇ ਤ੍ਰਿਲੋਕੀ ਦਾ ਮਾਲਕ ਮਾਨਸ ਰੂਪ ਵਿਚ ਆਕਾਸ਼ ਵਲ ਝਾਤ ਪਾ ਕੇ ਆਪਣੀ ਮਸਤ ਰੌ ਵਿਚ ਆ ਗਿਆ। ਸੰਤ ਚਿੱਤ ਆਨੰਦ ਸਤਿਗੁਰੂ ਨੂੰ ਸਰਬੰਸ, ਸੰਸਾਰੀ ਸਾਕ ਤਿਆਗ ਕੇ ਕੋਈ ਹਰਖ ਸੋਗ ਨਹੀਂ ਸੀ। ਉਸ ਵਕਤ ਦੇ ਵਲਵਲੇ ਖਿਆਲ ਬਣ ਕੇ ਫਿਜ਼ਾ ਵਿਚ ਗੂੰਜਦੇ ਹੋਏ ਸੋਦਰ ਤੇ ਪੁੱਜੇ-

ਮਿਤ੍ਰ ਪਿਆਰੇ ਨੂੰ ਹਾਲ ਫਕੀਰਾਂ ਦਾ ਕਹਿਣਾ ।
ਤੁਧੁ ਬਿਨੁ ਰੋਗ ਰਜਾਈਆਂ ਦਾ ਓਢਣ,
ਨਾਗ ਨਿਵਾਸਾਂ ਦੇ ਰਹਿਣਾ।
ਸੂਲ ਸੁਰਾਹੀ ਖੰਜਰੁ ਪਿਆਲਾ,
ਬਿੰਗੁ ਕਸਾਈਆਂ ਦਾ ਸਹਿਣਾ।
ਯਾਰੜੇ ਦਾ ਸਾਨੂੰ ਸੱਥਰੁ ਚੰਗਾ ਭਠ ਖੇੜਿਆਂ ਦਾ ਰਹਿਣਾ।

ਆਪਣੇ ਮੂਲ ਸਰੂਪ ਦੇ ਵਿਛੋਹ-ਵਿਛੌੜੇ ਵਿਚ ਗੁਰੂ ਜੀ ਨੇ ਇਸ ਵਿਛੋੜੇ ਦੀ ਤੁਲਨਾ ਹੀਰ ਦਾ ਰਾਂਝੇ ਤੋਂ ਵਿਛੜ ਕੇ ਖੇੜਿਆਂ ਤੇ ਘਰ ਰਹਿਣ ਦੀ ਮਜਬੂਰੀ ਨਾਲ ਕੀਤੀ ਹੈ। ਬੇਨਤੀ ਹਾਲ ਫਕੀਰਾਂ ਦੀ ਸੀ। ਇਸ ਥਾਂ ਹਾਲ ਮੁਰੀਦਾਂ ਦਾ ਪਰੀਵਰਤਨ ਕਰਕੇ ਬਾਬਾ ਦੀਪ ਸਿੰਘ ਜੀ ਨੇ ਸਿਰਲੱਥ ਸ਼ਹੀਦੀ ਪਾਈ ਸੀ, ਪਰਮੇਸ਼ਵਰੀ ਸੰਗੀਤ ਵਿਚ ਉਤਰੀ ਬਾਣੀ ਵਿਚ ਫਕੀਰ ਦੀ ਥਾਂ ਮੁਰੀਦ ਮੰਜ਼ੂਰ ਹੋਣ ਲਈ ਗੁਰਬਾਣੀ ਆਦੇਸ਼ ਹੈ-

ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ ॥
ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥ (ਅੰਕ ੫੫੮ )

ਗੁਰੂ ਪਿਆਰੇ ਤਿੰਨ ਸਿੱਖ ਆ ਮਿਲੇ ਤੇ ਫੇਰ ਆ ਮਿਲੇ ਨਬੀ ਖਾਂ-ਗਨੀ ਖਾਂ ਘੋੜਿਆਂ ਦੇ ਸ਼ਰਧਾਲੂ ਵਪਾਰੀ। ਮੀਰੀ ਪੀਰੀ ਦਾ ਮਾਲਕ ਉਚ ਦਾ ਪੀਰ ਬਣ ਕੇ ਨੀਲਾ ਸਲੇਟੀ ਬਾਣਾ ਪਾ ਕੇ ਚਾਰ ਸੇਵਕਾਂ ਦੇ ਮੋਢੇ ਤੇ ਚੁੱਕੀ ਮੰਜੀ ਉਤੇ ਨਵੇਂ ਆਸ਼੍ਰਣਿਆਂ ਦਾ ਨਿਰਮਾਣ ਕਰਨ ਲਈ ਤੁਰ ਪਿਆ। ਗੁਰੂ ਬਾਬੇ ਦੀ ਉਚਾਰੀ ਯੁਗਮਰਯਾਦਾ ਇਸ ਆਪਦ ਦੇ ਸਮੇ ਸਹਾਇਕ ਬਣੀ। ਗੁਰੂ ਬਾਬੇ ਨੇ ਨਿਤਨੇਮ ਨਾਲ ਗਾਈ ਜਾਣ ਵਾਲੀ ਆਸਾ ਦੀ ਵਾਰ ਵਿਚ ਸ਼ਲੋਕ ਦਰਜ ਕੀਤਾ ਹੈ-

ਕਲਿ ਮਹਿ ਬੇਦੁ ਅਥਰਬਣੁ ਹੂਆ,
ਨਾਉ ਖੁਦਾਈ ਅਲਹੁ ਭਇਆ॥
ਨੀਲ ਬਸਤ੍ਰ ਲੇ ਕਪੜੇ ਪਹਿਰੇ,
ਤੁਰਕ ਪਠਾਣੀ ਅਮਲੁ ਕੀਆ॥

ਇਸ ਬਾਣੀ ਦੀ ਸਹਿਅਤਾ ਸਥਾਪਿਤ ਕਰਨ ਲਈ ਹੀ ਸ਼ਾਇਦ ਸ੍ਰਿਸ਼ਟੀ ਕਰਤਾ ਨੇ ਇਹ ਸਲੋਕ ਰਚਿਆ ਸੀ। ਸ੍ਰਿਸ਼ਟੀ ਰਚਨਾ ਦੇ ਸੰਗੀਤ ਵਿਚ ਯੁਗ-ਮਰਯਾਦਾ ਅਨੁਸਾਰ ਬਾਣੀ ਤੇ ਬਾਣੇ ਦਾ ਸੁਰ ਤਾਲ ਵੀ ਨਿਸ਼ਚਿਤ ਸੀ। ਇਸ ਦੇ ਲਈ ਚਾਰ ਯੁਗਾਂ ਦੀ ਮਹੁਖਤਾ ਨੂੰ ਸੁਰ ਤਾਲ ਵਿਚ ਸਿਰਜਨ ਵਾਲੇ ਸਤਿਗੁਰ ਨੇ ਹੀ ਯੁਗਬਾਣਾ ਪ੍ਰਮਾਣਿਤ ਕਰਨਾ ਸੀ ਸੋ ਉਚ ਦਾ ਪੀਰ ਬਣ ਕੇ ਕੀਤਾ ॥

ਉਧਰ ਦੋ ਛੋਟੇ ਸਾਹਿਬਜ਼ਾਦੇ । (ਬਾਬਾ ਜ਼ੋਰਾਵਰ ਸਿੰਘ ਬਾਬਾ ਫਤਹਿ ਸਿੰਘ) ਦਾਦੀ (ਮਾਤਾ ਗੁਜਰੀ) ਨਾਲ ਤੁਰਕੇ ਗੰਗੂ ਬ੍ਰਾਹਮਣ ਦੇ ਲੋਭ ਦੀ ਅਸੁਰਤਾ ਦੇ ਸ਼ਿਕਾਰ ਹੋਏ। ਨਵਾਬ ਸਰਹਿੰਦ ਨੇ ਆਪਣੀ ਰਾਕਸ਼ੀ ਬਿਰਤੀ ਨੂੰ ਉਜਾਗਰ ਕਰਕੇ ਛੋਟੇ ਸਾਹਿਬ ਜ਼ਾਦਿਆਂ ਨੂੰ ਪਹਿਲੇ ਦੀਵਾਰ ਵਿਚ ਚਿਣਵਾਇਆ ਪਰ ਕੰਧ ਡਿੱਗ ਪਈ। ਜ਼ਖ਼ਮੀ ਸਾਹਿਬਜ਼ਾਦੇ ਠੰਡੇ ਬੁਰਜ ਵਿਚ ਦਾਦੀ ਕੋਲ ਪੁਚਾਏ ਗਏ। ਅਗਲੀ ਸਵੇਰੇ ਕਸਾਈਆਂ ਨੇ ਗੋਡਿਆਂ ਵਿਚ ਸਿਰ ਦਬਾ ਕੇ ਦੂਹਾਂ ਨੂੰ ਜ਼ਿਬਹ



Namdhari Elibrary NamdhariElibrary@gmail.com

ਕਰ ਦਿਤਾ। ਇਕ ਸਿਪਾਹੀ ਨੇ ਬੁੱਢੀ ਦਾਦੀ ਨੂੰ ਬੁਰਜ ਤੋਂ ਧੱਕਾ ਦੇ ਕੇ ਮਾਰ ਦਿਤਾ "ਜਾ ਮਾਈ ਪੋਤਰਿਆਂ ਕੋਲ" ਹਰਨਾਕਸ਼ ਨੇ ਤੇ ਆਪਣੀ ਹਉਮੈ ਕਾਰਣ ਪੁਤੱਰ ਪ੍ਰਹਲਾਦ ਨਾਲ ਵੀ ਕਈ ਕੇ ਜ਼ੁਲਮ ਕੀਤੇ ਸਨ)

ਇਸ ਤਰ੍ਹਾਂ ਪੜਦਾਦਾ (ਸ੍ਰੀ ਗੁਰੂ ਅਰਜਨ ਦੇਵ), ਪਿਤਾ (ਸ੍ਰੀ ਗੁਰੂ ਤੇਗ ਬਹਾਦੁਰ) ਮਾਤਾ ਗੁਜਰੀ ਤੇ ਚਾਰ ਸਾਹਿਬ ਜ਼ਾਦਿਆ ਦੀ ਸ਼ਹੀਦੀ ਨਾਲ ਸੱਤ ਸਿਰ ਦੇਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰਿਸ਼ਟੀ ਦੇ ਸੰਗੀਤ ਦੇ ਸੱਤ ਸੁਰਾਂ ਦੀ ਰਾਖੀ ਦਾ ਕੰਮ ਪੂਰਾ ਕਰ ਲਿਆ। ਜਦੋਂ ਮਾਤਾ ਸੁੰਦਰੀ ਦੀਆ ਸਧੱਰਨੀਆਂ ਅੱਖਾਂ ਨੂੰ ਸਾਹਿਬ ਜ਼ਾਦਿਆਂ ਦੀ ਝਲਕ ਨਾ ਮਿਲੀ ਤਾਂ ਬੇਅੰਤ ਬੇਪਰਵਾਹ ਸੰਗੀਤ ਗੁਰੂ ਕਲਾਕਾਰ ਨੇ ਬੜੇ ਉਲਾਸ ਵਿਚ ਕਿਹਾ-

ਇਨ ਪੁਤਰਨ (ਮਨੁਖਤਾ) ਕੇ ਸੀਸ ਪਰ ਵਾਰ ਦੀਏ ਸੁਤ ਚਾਰ"

ਚਾਰ ਮੂਏ ਤੋ ਕਿਹਾ ਹੂਆ ਜੀਵਤ ਲੱਖ ਹਜ਼ਾਰ"

ਸਗਰ ਪਿਤਾ ਦੀ ਸ਼ਰਨ ਵਿਚ ਆਉਣ ਵਾਲਾ ਹਰੇਕ ਗੁਰਸਿੱਖ ਉਸ ਦਸਮੇਸ਼ ਪਿਤਾ ਦਾ ਪੁਤੱਰ ਹੀ ਤਾਂ ਹੈ। ਰਾਇਕੋਟ ਪੁੱਜ ਕੇ ਗੁਰੂ ਜੀ ਛੋਟੇ ਸਾਹਿਬ ਜ਼ਾਦਿਆਂ ਦਾ ਸ਼ਹੀਦੀ ਸਮਾਚਾਰ ਮੰਗਵਾਇਆ ਸੀ। ਤੀਰ ਦੀ ਨੋਕ ਨਾਲ ਘਾਹ ਪੁੱਟ ਕੇ ਫੁਰਮਾਇਆ ਸੀ- ਮੁਗਲ ਰਾਜ ਦੀ ਜੜ੍ਹ ਪੁਟੀ ਗਈ। ਮੁਗਲ ਰਾਜ ਦੀਆਂ ਜੜ੍ਹਾਂ ਨੂੰ ਖੋਖਲਾ ਕਰਨ ਲਈ ਗੁਰੂ ਜੀ ਨੇ ਦਮਦਮੇ ਤੋਂ "ਨਾਦੇੜ ਜਾਣ ਦਾ ਸੰਗੀਤ ਮੈ ਇਤਿਹਾਸ ਸਿਰਜਿਆ। ਨਾਦੇੜ ਵਿਚ ਜੋਗੀਆਂ ਬੈਰਾਗੀਆਂ ਦੇ ਜੰਗਲ ਦਾ ਰਾਜਾ ਬਣੇ ਬੈਠੇ ਮਾਧੋਦਾਸ ਨੂੰ ਬੰਦਾ ਸਿੰਘ ਬਹਾਦੁਰ ਬਣਾ ਕੇ ਆਸੁਰੀ ਸ਼ਕਤੀਆਂ ਵਿਰੁਧ ਜੂਝਣ ਲਈ ਪੰਜਾਬ ਵਲ ਤੋਰਿਆ। ਬਹਾਦੁਰ ਸ਼ਾਹ ਗੁਰੂ ਜੀ ਨੂੰ ਦਿੱਲੀ ਪੰਜਾਬ ਤੋਂ ਦੂਰ ਦਖੱਨ ਵਿਚ ਲੈਜਾਕੇ ਪਠਾਨਾਂ ਹਥੋਂ ਖੰਜਰ ਮਰਵਾਕੇ ਆਪਣੀ ਕੂਟ ਨੀਤੀ ਤੇ ਆਸੁਰੀ ਰਾਜ ਦੀ ਜਿੱਤ ਸਮਝ ਰਿਹਾ ਸੀ। ਉਧਰ ਸੰਤ ਨੀਤੀ ਦੇ ਸੰਗੀਤ ਦਾ ਵਰੋਸਾਇਆ ਬਾਬਾ ਬੰਦਾ ਸਿੰਘ ਬਹਾਦੁਰ ਦਿੱਲੀ ਤੋਂ ਪੰਜਾਬ ਤਕ ਧਰਮ ਦਾ ਰਾਜ ਸਥਾਪਿਤ ਕਰਨ ਦਾ ਭੇਰੀ ਨਾਦ ਕਰ ਰਿਹਾ ਸੀ। ਜਿਨ੍ਹਾਂ ਚਿਰ ਸ੍ਰਿਸ਼ਟੀ ਹੈ ਇਸਦੀ ਸੰਗੀਤਕ ਹੋਂਦ ਹੀ ਇਸ ਦੀ ਜੀਵਨ ਧਾਰਾ ਹੈ ਇਹ ਨਿਸ਼ਚਿਤ ਹੈ। ਜਦੋਂ ਕੋਈ ਸੰਗੀਤ ਸੁਰਾਂ ਵਿਗਾੜਦਾ ਹੈ ਤਾਂ ਗੂੰਜ ਹੋਂਦੀ ਹੈ,"ਜਾਹੀ ਕਾਜ ਧਰਾ ਹਮ ਜਨਮੰ। ਸਮਝ ਲੇਹੁ ਸਾਧੂ ਸਭ ਮਨਮੰ।" ਸ੍ਰਿਸ਼ਟੀ ਦੇ ਸੁਰ ਤਾਲ ਨੂੰ ਵਿਗਾੜਨ ਵਾਲਿਆਂ ਦਾ ਸੰਹਾਰ ਜ਼ਰੂਰ ਕੀਤਾ ਜਾਏਗਾ ॥ ਅਲਪ ਵਿਰਾਮ ॥

## ਕੌੜੇ ਸੱਚ

ਮੈਲੇ ਕੱਪੜੇ ਪਾਉਣ ਵਾਲਾ, ਮੈਲੇ ਦੰਦਾਂ ਵਾਲਾ, ਭੁਖੜ, ਨੀਰਸ ਗੱਲਾਂ ਕਰਨ ਵਾਲਾ, ਸੂਰਜ ਚੜ੍ਹਣ ਤੇ ਛਿਪਣ ਵੇਲੇ ਸੋਣ ਵਾਲਾ ਜੇ ਸਵਰਗ ਦਾ ਰਾਜਾ ਇੰਦਰ ਵੀ ਹੈ ਤਾਂ ਉਸਨੂੰ ਭੀ ਲੱਛਮੀ ਛੱਡ ਦਿੰਦੀ ਹੈ।

—ਚਾਣਕਯ

ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥

ਨਾਨਕ ਚੰਗਾ ਖਸਮੁ ਨ ਬਿਸਰਉ ਦੁਖ ਛਡਿ ਮੰਗੀਅਹਿ ਸੁਖ ॥
ਸੁਖੁ ਦੁੱਖੁ ਦੁਇ ਦਰ ਕਪੜੇ ਪਹਿਰਹਿ ਜਾਇ ਮਨੁੱਖ ॥

—ਗੁਰੂ ਨਾਨਕ ਦੇਵ

ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ ॥
ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ ॥
ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ ॥
ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ

—ਗੁਰੂ ਅਰਜਨ ਦੇਵ

ਤਨ ਪਾਲ ਜਿਨ੍ਹਾਂ ਖੁਦਰਵੀ ਕੀਤੀ
ਅੱਗੇ ਆਕਬਤ ਅੱਗ ਵਿਚ ਡਾਹੀਅਣਗੇ
ਵਾਰਿਸ ਸ਼ਾਹ, ਜਿਹੜੇ ਕਪੂਤ ਸਿਆਣੇ,
ਕਾਗ ਵਾਂਗ ਉਹ ਪਲਕ ਵਿਚ ਫਾਹੀਅਣਗੇ।

—ਵਾਰਿਸ ਸ਼ਾਹ

ਅਸੂਲਾਂ ਲਈ ਲੜਨਾ ਸੌਖਾ ਹੈ ਪਰ ਉਹਨਾਂ ਅਨੁਸਾਰ ਜਿਉਣਾ ਔਖਾ।

—ਅਲਫਰੈਡ ਐਡਲਰ

ਸੁਨਹਿਰੀ ਨਿਯਮ ਇਹ ਹੈ ਕਿ ਕੋਈ ਵੀ ਸੁਨਹਿਰੀ ਨਿਯਮ ਨਹੀਂ ਹੁੰਦਾ।

—ਬਰਨਾਰਡ ਸ਼ਾਅ

ਜੇਕਰ ਕਿਸੇ ਲੜਕੀ ਦੇ ਦੋਸ਼ ਜਾਣਨੇ ਹੋਣ ਤਾਂ ਉਸ ਦੀ ਸਹੇਲੀ ਕੋਲ ਉਸਦੀ ਵਡਿਆਈ ਕਰਕੇ ਦੇਖੋ।

—ਫਰੈਂਕਲਿਨ

ਜਿਹੜੇ ਲੋਕ ਇਕ ਦੂਸਰੇ ਨੂੰ ਵਧ ਜਾਣਦੇ ਹਨ ਉਹ ਹੀ ਇਕ ਦੂਸਰੇ ਨਾਲ ਵਧ ਲੜਦੇ ਹਨ।

—ਜਵਾਹਰ ਲਾਲ ਨਹਿਰੂ

ਜੇ ਚੋਰ ਦੇ ਭੁੱਖੇ ਪੇਟ ਵਿਚ ਰੱਜਵੀਂ ਰੋਟੀ ਪਵੇਗੀ ਤਾਂ ਹੋ ਸਕਦਾ ਹੈ ਕਿ ਉਸਨੂੰ ਚੋਰੀ ਦੀ ਆਦਤ ਭੁੱਲ ਜਾਵੇਗੀ।

—ਨਾਨਕ ਸਿੰਘ

ਬਿਨ ਮਾਂਗੇ ਮੋਤੀ ਮਿਲੇ, ਮਾਂਗੇ ਮਿਲੇ ਨਾ ਭੀਖ।

— ਇਕ ਕਹਾਵਤ



Namdhari Elibrary NamdhariElibrary@gmail com

# ਜਨਕ-ਨੰਦਨੀ

—ਸਾਧੂ ਸਿੰਘ ਕਿਸਾਨ

ਮਹਾਂਭਾਰਤ ਵਿੱਚ ਲਿਖਿਆ ਹੈ—ਪਾਂਡਵਾਂ ਦੇ ਇਕ ਜੱਗ ਸਮੇਂ ਜਦੋਂ ਕੰਮਾਂ-ਕਾਰਾਂ ਦੀਆਂ ਜ਼ਿੰਮੇਵਾਰੀਆਂ ਲੱਗਣ ਲੱਗੀਆਂ, ਤਾਂ ਸ੍ਰੀ ਕ੍ਰਿਸ਼ਨ ਜੀ ਨੇ, ਰਿਸ਼ੀਆਂ ਦੇ ਚਰਨ ਧੋਣ ਦੀ ਸੇਵਾ, ਮੰਗ ਕੇ ਪ੍ਰਾਪਤ ਕਰਨ ਲਈ। ਪਾਂਡਵ ਹਰ ਕੰਮ ਇਹਨਾਂ ਦੀ ਸਲਾਹ ਨਾਲ ਕਰਦੇ ਸਨ। ਜੱਗ ਦੇ ਭੰਡਾਰ ਤੇ ਉਚੇਚਾ ਪਾਂਡਵਾਂ ਨਾਲ ਮਨੋਂ ਖਾਰ ਖਾਂਦੇ ਦਰਯੋਧਨ ਨੂੰ ਲਗਾਇਆ ਗਿਆ। ਸ੍ਰੀ ਕ੍ਰਿਸ਼ਨ ਸਖਾ ਅਰਜਨ ਵੱਲੋਂ, ਕਾਰਨ ਪੁੱਛਣ 'ਤੇ ਕਹਿਣ ਲੱਗੇ—ਵਿਰੋਧੀ ਹੋਣ ਕਰਕੇ ਜਿੰਨਾਂ ਵੱਧ ਵਰਤਾਇਗਾ, ਓਨਾਂ ਤੁਹਾਡਾ ਜੱਸ ਬਹੁਤ ਹੋਇਗਾ। ਦੂਸਰੀ ਗੱਲ ਜਿਸ ਦਾ ਉਸ ਨੂੰ ਵੀ ਪਤਾ ਨਹੀਂ—ਉਸ ਦੇ ਹੱਥਾਂ 'ਤੇ ਇਹੋ ਜਿਹੇ ਰੇਖਾ ਚੱਕਰ ਹਨ ਕਿ ਜਿਤਨਾ ਵੱਧ ਵਰਤਾਇਗਾ—ਓਨਾ ਭੰਡਾਰਾ ਵੱਧ ਭਰੇਗਾ। ਭਾਵ ਤੋਟ ਨਹੀਂ ਆਵੇਗੀ।

ਬਿਲਕੁਲ ਏਸੇ ਤਰ੍ਹਾਂ ਦੀ ਗੱਲ ਸਾਡੇ ਅਜੋਕੇ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਪੰਚਕੂਲਾ ਦੇ ਡਾਇਰੈਕਟਰ ਸੀ.ਆਰ. 'ਮੁਦਗਿਲ' ਬਾਰੇ ਕੀਤੀ ਜਾ ਸਕਦੀ ਹੈ। ਇਹਨਾਂ ਜਦੋਂ ਤੋਂ ਦਫ਼ਤਰ ਵਿੱਚ ਪੈਰ ਪਾਇਆ ਹੈ—ਓਦੋਂ ਤੋਂ ਹੀ ਇਹਨਾਂ ਦਾ ਪੈਰ ਏਥੇ ਟਿਕਦਾ ਹੀ ਨਹੀਂ ਪਿਆ। ਦਰਯੋਧਨ ਦੇ ਹੱਥਾਂ ਵਾਂਗ ਮੁਦਗਿਲ ਦੇ ਪੈਰਾਂ ਵਿੱਚ ਇਹੋ ਜਿਹਾ 'ਪੈਰ ਚੱਕਰ ਹੈ, ਕਿ ਜਿਤਨਾ ਇਹ ਬਹੁਤ ਫਿਰਨਗੇ—ਉਤਨੀ ਹੀ ਪੰਜਾਬੀ ਬੋਲੀ ਦੀ ਸੇਵਾ, ਬਹੁਤੀ ਕਰ ਸਕਣਗੇ। ਅੱਜ ਜੀਵਨ ਨਗਰ—ਕੱਲ੍ਹ ਕਰਨਾਲ ਪਰਸੋਂ ਪਾਣੀਪਤ—ਚੌਥੇ ਚੰਡੀਗੜ੍ਹ। ਫਿਰ ਕੁਰੂਖੇਤਰ ਤਾਂ ਇਸ ਤਰ੍ਹਾਂ ਹੈ ਜਿਵੇਂ ਹਰ ਪਾਸੇ ਜਾਣ ਦਾ ਰਸਤਾ ਏਥੋਂ ਨਿਕਲਦਾ ਹੋਵੇ।

ਮਹਾਂਭਾਰਤ ਵੇਲੇ ਉਦੋਂ ਦੇ ਗਿਆਤ ਸੰਸਾਰ ਦੇ ਸੂਰਮੇ ਏਥੇ ਆਕੇ ਜੂਝ ਮਰੇ। (ਓਦੋਂ ਦੇਸ਼ਾਂ ਦੀਆਂ ਇਹ ਸੌੜੀਆਂ ਸਰਹੱਦਾਂ ਅਜੇ ਹੋਂਦ ਵਿੱਚ ਨਹੀਂ ਸਨ ਆਈਆਂ) ਹੁਣ ਹਿੰਦੁਸਤਾਨ ਦੇ ਕਈ ਪ੍ਰਾਂਤਾਂ ਅਤੇ ਹੋਰ ਕਈ ਦੇਸ਼ ਦੇਸ਼ਾਂਤਰਾਂ ਦੇ ਵਿਦਵਾਨਾਂ, ਏਥੇ ਆ ਕੇ ਸੁਖਦ ਸਾਹਿਤਕ ਆਦਾਨ ਪ੍ਰਦਾਨ ਕੀਤਾ। ਜਿਦ੍ਹੇ ਨਾਲ ਏਹ ਜੀਵਨ ਹੋਰ ਗੂੜ੍ਹਾ ਰੰਗੀਨ ਹੋ ਗਿਆ। ਸਦੀਆਂ ਤੋਂ ਵਿਦੇਸ਼ਾਂ ਵਿੱਚ ਵਿਚਰਦੇ ਰੋਮਾਂ ਲੋਕਾਂ ਨੇ ਸਾਂਭ ਰੱਖੇ ਪੰਜਾਬੀ ਸ਼ਬਦ ਭੰਡਾਰ ਦਾ ਵਿਖਾਲਾ ਕੀਤਾ। ਭਾਰਤ ਦੇ ਪੂਰਬੀ ਪ੍ਰਾਂਤ 'ਆਸਾਮ, ਦੀ ਸਰਕਾਰੀ ਸੰਸਥਾ 'ਟੈਗੋਰ ਕਲਚਰਲ ਸੁਸਾਇਟੀ ਦੇ ਡਾਇਰੈਕਟਰ ਕਲਾਕਾਰਾਂ ਕਵੀਆਂ ਦਾ ਇਕ ਵੱਡਾ ਗਰੁੱਪ ਲੈ ਕੇ ਆਏ ਹੋਏ ਸਨ। ਕੁਰੂਖੇਤਰੋਂ ਜਗਾਧਰੀ ਪੌਂਟਾ ਸਾਹਿਬ—ਹਰਿਦੁਆਰ ਦੇ ਯੋਗਾ ਸੁਆਮੀ ਰਾਮਦੇਵ ਦੇ ਨਵੇਂ ਬਣੇ ਕੰਪਲੈਕਸ ਤੇ ਜੜ੍ਹੀ ਬੂਟੀ ਕੇਂਦਰ ਦਾ ਭ੍ਰਮਣ ਕਰਕੇ ਜਾਣ ਸਮੇਂ ਉਹਨਾਂ, ਸਾਨੂੰ ਓਥੇ ਆਉਣ ਦਾ ਸੱਦਾ ਦਿੱਤਾ।

ਉਸ ਨਿਮੰਤ੍ਰਣ ਨੂੰ ਸਵੀਕਾਰਦਿਆਂ ੨੦ ਸਤੰਬਰ ੨੦੦੬ ਦਿਨੇ ਦੋ ਵਜੇ ਰਾਜਧਾਨੀ ਐਕਸਪਰੈਸ ਗੁਹਾਟੀ ਨੂੰ ਰਵਾਨਾ ਹੋ ਗਈ। ਸ੍ਰੀ ਸੀ. ਆਰ. ਮੁਦਗਿਲ ਦੀ ਅਗਵਾਈ ਵਿੱਚ ਡਾ. ਕਾਂਗ, ਸੁਰਜੀਤ, ਗਾਸੋ, ਕੋਮਲ, ਕਿਸਾਨ ਆਦਿ ੧੭ ਦੇ ਗਰੁੱਪ ਨੇ, ਏ.ਸੀ. ਸੀਟਾਂ ਸਾਂਭ ਲਈਆਂ। ੨੧ ਵਾਲਾ ਦਿਨ ਰੇਲ ਵਿੱਚ ਹੀ ਗੁਜ਼ਾਰਨਾ ਪਿਆ। ਗੁਜ਼ਾਰਨਾ, ਇਸ ਕਰਕੇ ਕਹਿ ਰਿਹਾਂ ਕਿ ਰੇਲ ਪ੍ਰਬੰਧਕਾਂ ਨੇ ਇਸ ਤਰ੍ਹਾਂ ਦਾ ਖਾਣ ਪੀਣ ਦਾ ਪਰੋਗਰਾਮ ਨਿਸਚਿਤ ਕੀਤਾ ਹੋਇਆ ਹੈ ਕਿ ਸੰਤਾਲ ਮੁਸਾਫ਼ਰਾਂ ਨੂੰ ਚੱਜ ਨਾਲ ਦਿਨੇ ਸੌਣ ਦਾ ਵਕਤ ਹੀ ਨਹੀਂ ਦੇਂਦੇ। ਚਾਹ, ਕੌਫ਼ੀ, ਜੂਸ, ਜੈਮ, ਚੌਲ, ਦਾਲ, ਅਚਾਰ, ਸਬਜ਼ੀਆਂ ਆਦਿ ਏਨਾਂ ਕੁਝ ਇਕ ਜਗ੍ਹਾ ਬੈਠਾ ਬੰਦਾ ਕਿਵੇਂ ਖਾ ਸਕਦਾ ਹੈ? ਪੈਂਟੀ ਸਦੀ ਵਾਲੇ ਕਿਸਾਨ, ਕੋਮਲ ਤਾਂ ਇਕ ਦੋ ਵਾਰ ਨਾਂਹੀ ਖੜ੍ਹੀਆਂ ਕਰ ਗਏ। ਹਵਾਈ ਜਹਾਜ਼ ਨਾਲੋਂ, ਸੇਵਕ-ਸੇਵਕਾਵਾਂ ਦਾ ਹੀ ਫ਼ਰਕ ਸੀ।

ਸ਼ਾਮ ਨੂੰ ਛੇ ਕੁ ਵਜੇ ਗੁਹਾਟੀ ਪਹੁੰਚੇ। ਅਗਵਾਨੀ ਵਾਸਤੇ ਆਏ ਟੈਗੋਰ ਕਲਚਰਲ ਸੁਸਾਇਟੀ ਦੇ ਡਾਇਰੈਕਟਰ ਇਕ ਨਿੱਕੀ ਕਵਿੱਤਰੀ 'ਅਰਚਨਾ' ਆਦਿ ਨੇ ਸਟੇਸ਼ਨ ਤੋਂ ਸਾਨੂੰ ਗੱਡੀਆਂ ਰਾਹੀਂ ਸਰਕਟ ਹਾਊਸ ਜਾ ਉਤਾਰਿਆ। ਭਾਰਤ ਦੇ ਸਭ ਤੋਂ ਚੌੜੇ, ਸਮੁੰਦਰ ਵਰਗੇ ਵਿਸ਼ਾਲ ਦਰਿਆ 'ਬ੍ਰਹਮਪੁੱਤਰ' ਦੇ ਐਨ ਕੰਢੇ ਤੇ ਬਣੇ ਕਈ ਮੰਜ਼ਿਲੇ ਸਰਕਟ ਹਾਊਸ ਦੀ ਤੀਸਰੀ ਛੱਤੇ ਸਾਡਾ ਨਿਵਾਸ ਹੋਇਆ। ਤਿੰਨ ਜਾਂ ਚਾਰ ਜਣੇ, ਇਕ-ਇਕ ਫਲੈਟ ਵਿੱਚ ਟਿਕ ਗਏ, ਮੇਰੇ ਨਾਲ ਕਰਨਾਲ ਦੇ ਕਾਮਰੇਡ 'ਕੋਮਲ' ਦਾ ਗੁਣਾ ਪਿਆ, ਜੋ ਮਿਲਦੇ ਵਿਚਾਰਾਂ ਪੱਖੋਂ, ਬਹੁਤ ਵਧੀਆ ਰਿਹਾ।

ਬਾਈ ਸਤੰਬਰ ਨੂੰ ਇਕ ਕਾਲਜ ਕਲੱਬ ਵਿੱਚ ਕਮਾਲ ਦਾ ਕਵੀ ਦਰਬਾਰ ਹੋਇਆ। 'ਕਮਾਲ' ਦਾ ਇਸ ਪੱਖੋਂ ਕਿ ਕੁਝ ਕਵੀ ਆਸਾਮੀ, ਕੁਝ ਪੰਜਾਬੀ, ਵਾਰੋ-ਵਾਰੀ ਕਵਿਤਾ ਬੋਲਦੇ। ਓਹਨਾਂ ਦੀ ਗੱਲ ਸਾਨੂੰ ਸਾਡੀ ਓਹਨਾਂ ਨੂੰ ਸਮਝ ਨਾ ਆਵੇ, ਪਰ ਤਾਲੀਆਂ ਦੀ ਬੋਲੀ ਤਾਂ ਸਰਬ ਸਾਂਝੀ ਹੈ। ਹਾਲ ਕਾਲਜੀਏਟਾਂ ਨਾਲ ਭਰਿਆ ਪਿਆ ਸੀ। ਤਾਲੀਆਂ ਦੀ ਗੂੰਜ ਅਦਭੁੱਤ ਸਮਾਂ ਸਿਰਜ ਦੇਂਦੀ। ਫਿਰ ਲਾਲ ਕਿਨਾਰੀ ਤੇ ਬੂਟੇ



Namdhari Elibrary NamdhariElibrary@gmail.com

ਹੋਏ ਸੋਹਣੇ ਬਾਰਡਰ ਵਾਲੇ ਖੂਬਸੂਰਤ ਕ੍ਰੀਮ ਕਲਰ ਪਟਕਿਆਂ ਨਾਲ ਸਨਮਾਨ ਸਮਾਰੋਹ ਕੀਤਾ ਗਿਆ।

ਤੇਈ ਤਾਰੀਖ਼ ਨੂੰ ਇਕ ਬੜੇ ਮਸ਼ਹੂਰ 'ਕਾਮਾਖਿਆ ਦੇਵੀ' ਦੇ ਮੰਦਰ ਗਏ। ਦਰਸ਼ਨਾਰਥੀਆਂ ਦੀਆਂ ਲੰਮੀਆਂ ਲਾਈਨਾਂ ਵੇਖ ਕੇ ਅਚੰਭਤ ਹੋ ਗਏ। ਬਾਹਰੋਂ ਇਤਿਹਾਸ ਦੀ ਜਾਣਕਾਰੀ ਲੈ ਕੇ ਹੀ ਸੰਤੁਸ਼ਟ ਹੋ ਗਏ। ਇਤਨੀ ਅਸ਼ਲੀਲ ਕਥਾ, ਕਿ ਬਿਆਨ ਕਰਨੀ ਚੰਗੀ ਨਹੀਂ ਲੱਗਦੀ। ਜਿਵੇਂ ਹਿਮਾਚਲ ਤੇ ਜੰਮੂ ਵਿੱਚ ਨੈਣਾ ਦੇਵੀ, ਚਿੰਤਪੁਰਨੀ, ਵੈਸ਼ਨੋ ਦੇਵੀ, ਵਗੈਰਾ ਸੱਤ ਦੇਵੀਆਂ ਦੇ ਸਥਾਨ ਹਨ, ਇਵੇਂ ਆਸਾਮ ਵਿੱਚ ਵੀ ਬਹੁਤ ਦੇਵੀ ਮੰਦਰ ਹਨ। ਵੈਸ਼ਨੋ ਦੇਵੀ ਬਾਰੇ ਕਥਾ ਮਸ਼ਹੂਰ ਹੈ ਕੋਈ ਦੁਸ਼ਟ ਇਸਦੇ ਪਿੱਛੇ ਪੈ ਗਿਆ ਤਾਂ ਇਹ ਜੰਗਲਾਂ, ਪਹਾੜਾਂ ਵਿੱਚ ਲੁੱਕਦੀ ਫਿਰੀ। ਭੂਚਾਲ ਨਾਲ ਬਣੀ ਇਸ ਪਹਾੜ ਦੀ ਖੁੰਦਰ ਵਿੱਚ ਵੜ ਕੇ ਲੁੱਕ ਗਈ ਤਾਂ ਜਾਬਰ ਲੱਭ ਨਾ ਸਕਿਆ। ਇਜ ਲੱਗਦਾ ਹੈ—ਕਬੀਲਾ ਯੁਗ ਵੇਲੇ ਮਨੁੱਖੀ ਸਮਾਜ ਇਸਤ੍ਰੀਆਂ ਦੀ ਅਗਵਾਈ ਵਿੱਚ ਹੀ ਵਿਚਰਦਾ ਸੀ। ਬਾਲ ਜਨਮ ਸਮੇਂ ਔਰਤ ਸਰੀਰ ਵਿੱਚ ਕੁਝ ਕਮਜ਼ੋਰੀ ਆਉਣੀ ਕੁਦਰਤੀ ਵਰਤਾਰਾ ਹੈ। ਇਸ ਵਕਤ ਦਾ ਲਾਭ ਲੈ ਕੇ ਮਰਦ ਨੇ ਹੌਲੇ-ਹੌਲੇ ਟੋਲੇ ਦੀ ਅਗਵਾਈ ਹਥਿਆ ਲਈ। ਏਹ ਸਮਾਂ ਆਦਮੀਆਂ ਵੱਲੋਂ ਔਰਤਾਂ ਹੱਥੋਂ ਸਰਦਾਰੀ ਖੋਹਣ ਦਾ ਜਾਪਦਾ ਹੈ। ਜਿਹੜੀਆਂ ਸ਼ਹਿਜ਼ੋਰ ਤੇ ਜੰਗਜੂ ਸਨ। ਓਹਨਾਂ ਨੇ ਮਹਿਖੇ, ਸ਼ੁੰਭ ਆਦਿ ਜਿਹੇ ਵਿਰੋਧੀਆਂ ਨੂੰ ਮਾਰ ਮੁਕਾਇਆ ਤਾਂ ਮਰਦਾਂ ਨੇ ਉਹਨਾਂ ਦੀਆਂ ਵਾਰਾਂ ਗਾਈਆਂ। ਜਿਹੜੀਆਂ ਕਮਜ਼ੋਰ ਸਨ—ਉਹਨਾਂ ਦੇ ਸਥਾਨ ਬਣਾ ਕੇ, ਪੂਜਣਾ ਸ਼ੁਰੂ ਕਰ ਦਿੱਤਾ। ਭਾਵ ਚੇਤੰਨ ਤੋਂ ਜੜ੍ਹ ਦੇਵੀ ਦਾ ਰੂਤਬਾ ਦੇ ਕੇ ਅਧੀਨ ਕਰ ਲਿਆ।

ਅੱਜ ਸ਼ਾਮ ਨੂੰ ਟੈਗੋਰ ਕਲਚਰਲ ਕਲੱਬ ਵਿੱਚ ਇਕ ਨਾਟਕ ਵੇਖਣ ਦਾ ਪਰੋਗਰਾਮ ਬਣਿਆ। ਜੋ ਇਸ ਯਾਤਰਾ ਦਾ ਹਾਸਲ ਹੋ ਨਿੱਬੜਿਆ। ਵੱਡੇ ਹਾਲ ਵਿੱਚ-ਵੱਡਾ ਸਟੇਜ-ਪਹਿਲਾਂ ਭੰਗੜੇ ਦੀ ਕਿਸਮ ਦਾ, ਢੋਲਾਂ ਨਾਲ ਸਮੂਹ ਨਾਚ। ਆਗੂ ਢੋਲੀ ਨੇ, ਸਿਰ ਤੇ ਸਥਾਨਕ ਪੌਂਚੂਆਂ ਵਾਲੀ ਪਗੜੀ ਬੰਨ੍ਹ ਕੇ ਸੋਹਣਾ ਸਮਾਂ ਸਿਰਜਿਆ ਢੋਲ ਦੀ ਥਾਪ ਰੋਕ ਆਗੂ ਨੇ ਢੋਲਾ ਜਾਂ ਬੋਲੀ ਪਾਣੀ, ਫਿਰ ਇਕਦਮ ਕਈ ਢੋਲਾਂ ਨੇ ਗੜਗੱਜ ਪਾ ਦੇਣੀ। ਆਗੂ ਢੋਲੀ ਦਾ ਨਖ਼ਰਾ, ਓਹਦੀਆਂ ਕਲਾਸਕੀ ਥਾਪਾਂ, ਜਿਵੇਂ ਕੋਈ ਜਰਨੈਲ ਅਨੁਸ਼ਾਸਤ ਸੈਨਾ, ਜੰਗ ਵਿੱਚ ਠੱਕ ਰਿਹਾ ਹੋਵੇ। ਤਾਂਹੀਓਂ ਤੰਦਰਾ ਟੁੱਟੀ—ਜਦੋਂ ਓਹ ਸਾਰਿਆਂ ਨੂੰ ਸਮੇਟ ਅੱਖੋਂ ਓਹਲੇ ਹੋ ਗਿਆ। ਭਰੇ ਹੋਏ ਥੀਏਟਰ ਵਿੱਚ ਤਾਲੀਆਂ ਦੀ ਗੂੰਜ ਨੇ ਕਲਾ ਨੂੰ ਚੰਗਾ ਹੁੰਗਾਰਾ ਭਰਿਆ।

ਫਿਰ ਵਾਰੀ ਆਈ ਸੰਸਾਰ ਪ੍ਰਸਿੱਧ ਨਾਟਕ 'ਜਨਕ ਨੰਦਨੀ' ਦੇ ਸਵੈਮਾਨ ਸਿਖਰ ਦੀ। ਇਕ ਹੋਰ ਵਿਦਵਾਨ ਅਸਮੀ ਵਿੱਚ ਨਾਟਕ ਬਾਰੇ ਲੰਮਾ ਵਖਿਆਨ ਦੇ ਕੇ ਹਟਿਆ। ਅਸਾਂ ਸਮਝਿਆ, ਸੂਤਰ ਧਾਰ ਹੋਇਗਾ। ਪਰ ਜਦੋਂ ੨੯-੩੦ ਪਾਤਰ ਸਟੇਜ 'ਤੇ ਆਏ ਉਹਨਾਂ ਦੀ ਕਲਾ ਨੇ ਸਪੱਸ਼ਟ ਕੀਤਾ—ਕੋਈ ਹਦਾਇਤਕਾਰ ਨਹੀਂ—ਕੋਈ ਸਟੇਜ ਸੱਜਾ ਨਹੀਂ। ਕੋਈ ਪਰਦਾ ਨਹੀਂ ਡਿਗਿਆ। ਮਟਮੈਲਾ ਚਾਨਣ ਤੇ ਅਗਲਾ ਸੀਨ ਚਾਲੂ। ਆਪੇ ਕਲਾਕਾਰਾਂ ਨੇ ਬਾਹੀਂ ਉੱਚੀਆਂ ਨੀਵੀਆਂ ਕਰ ਕੇ ਸ਼ਾਹੀ ਮਹੱਲ, ਜੰਗਲ-ਬੀਆਬਾਨ, ਤਪਸੀ ਕੁੱਲੀਆਂ, ਜੰਗ ਦਾ ਮੈਦਾਨ ਸਾਕਾਰ ਕਰ ਦੇਣਾ। ਬੋਲੀ ਦੀ ਸਮਝ ਨਾ ਆਉਣ ਤੇ ਵੀ ਸਾਰਾ ਪਤਾ ਲੱਗ ਰਿਹਾ ਸੀ। ਵਾਰ ਵਾਰ ਸ੍ਰੀ ਰਾਮਚੰਦਰ ਵੱਲੋਂ ਪ੍ਰੀਖਿਆ ਲੈਣਾ ਅਤੇ ਜਨਕ ਨੰਦਨੀ ਵੱਲੋਂ ਹਰ ਵਾਰ ਪ੍ਰੀਖਿਆ 'ਚੋਂ ਸਫ਼ਲ ਹੋ ਕੇ ਅਗਲੀ ਵਾਰੀ ਵਾਸਤੇ ਫਿਰ ਤਿਆਰ ਹੋਣਾ। ਅਸਚਰਜ ਵਿਸਮਾਦ, ਕਰੁਣਾ, ਕ੍ਰੋਧ ਸਾਡੇ ਹਿਰਦਿਆਂ 'ਤੇ ਅਸਰ ਅੰਦਾਜ਼ ਹੋ ਰਹੇ ਸਨ। ਇਕ ਰੂਪ ਮਤੀ ਨੇ ਵਿੱਚ ਵਾਰ ਬਾਂਹ ਉਲਾਰ ਕੇ ਮਟਕ ਨਾਲ ਜੋ ਕੇ ਕਮਾਨ ਦਾ ਸਮਾਂ ਸਿਰਜ ਦੇਣਾ। ਜਿਵੇਂ ਕੋਈ ਹੀਰ ਗਾ ਰਹੀ ਹੋਵੇ। 'ਜਨਕ ਨੰਦਨੀ' ਦਾ ਪਾਰਟ ਕਰਨ ਵਾਲੀ ਕੋਮਲ ਜਿਹੀ ਕੁੜੀ ਨੇ ਤਾਂ ਮੰਤਰ ਮੁਗਧ ਕੀਤੀ ਰੱਖਿਆ। ਖੜੀ ਖੜੋਤੀ ਨੇ ਅੱਖਾਂ ਮੀਟ ਕੇ ਦੋਹਾਂ ਹਥੇਲੀਆਂ ਉੱਤੇ ਇਸ ਤਰ੍ਹਾਂ ਸਿਰ ਉਲਾਰ ਦੇਣਾ, ਜਿਵੇਂ ਕੋਈ ਮਹਾਰਾਣੀ ਸ਼ਾਹੀ ਸੇਜ 'ਤੇ ਆਰਾਮ ਫ਼ਰਮਾ ਰਹੀ ਹੋਵੇ।

ਲਵ-ਕੁਸ਼ ਤੋਂ ਹਾਰ ਕੇ ਚਾਰੇ ਭਾਈਆਂ ਸਮੇਤ ਸਾਰੀ ਸੈਨਾ ਮੁਰਛਤ ਹੋਈ ਪਈ ਹੈ। 'ਸੀਤਾ' ਨੂੰ ਪਤਾ ਲੱਗਦਾ ਹੈ। ਵਾਲਮੀਕ ਜੀ ਨੂੰ ਬੇਨਤੀ ਕਰ ਕੇ ਅੰਮ੍ਰਿਤ ਛਿੜਕਾਂਦੀ ਹੈ। ਸੁਚੇਤ ਹੋਣ ਬਾਅਦ ਸੀਤਾ, ਬੱਚਿਆਂ ਸਮੇਤ ਅਯੁੱਧਿਆ ਪਹੁੰਚਦੀ ਹੈ। ਦਰਾਣੀਆਂ ਦੇ ਕਹਿਣ 'ਤੇ ਦੀਵਾਰ ਉੱਤੇ ਰਾਵਣ ਦਾ ਚਿੱਤਰ ਬਣਾਂਦੀ ਹੈ। ਤਾਂਹੀਓਂ ਰਾਮ ਜੀ ਆਉਂਦੇ ਹਨ। ਵੇਖ ਕੇ ਚੇਹਰੇ ਤੇ ਸ਼ੱਕ ਦੇ ਵੱਟ ਪੈ ਜਾਂਦੇ ਹਨ। ਸੀਤਾ ਨੇ ਰਾਮ ਜੀ ਦਾ ਸ਼ੱਕ ਮਹਿਸੂਸ ਕਰ ਲਿਆ। ਜਜ਼ਬੇ ਗੁੰਧੇ ਬੋਲਾਂ ਨਾਲ ਆਖ਼ਰੀ ਪ੍ਰੀਖਿਆ ਦੇਣ ਖਾਤਰ, ਧਰਤੀ 'ਚੋਂ ਵਿਰਲ ਮੰਗਦੀ ਹੈ। ਓਧਰ ਭੂਚਾਲ ਆ ਕੇ ਜ਼ਮੀਨ ਫਟਦੀ ਹੈ—ਓਧਰ ਲਵ-ਕੁਸ਼ ਨੂੰ ਅੱਗੇ ਕਰਕੇ ਰਾਮ ਜੀ ਥਿੜਕਦੇ ਬੋਲਾਂ ਨਾਲ ਤਰਲੇ ਕਰਦੇ ਹਨ। 'ਜਨਕ ਨੰਦਨੀ' ਧਰਤ ਸਮਾਧ ਲੈਂਦੀ ਹੈ ਤਾਂ ਰਾਮ ਜੀ ਕੋਲ ਖੜੋਤੇ ਬੇਵੱਸ ਤੱਕਦੇ ਰਹਿ ਜਾਂਦੇ ਹਨ। ਸਾਰਾ ਹਾਲ ਤਾਲੀਆਂ ਦੀ ਗੂੰਜ ਨਾਲ ਉੱਠ ਖੜਾ ਹੋਇਆ। ਅਸੀਂ ਸਾਰੇ ਹੀ ਆਪ ਮੁਹਾਰੇ ਸਟੇਜ 'ਤੇ ਜਾ ਚੜ੍ਹੇ। ਕਲਾਕਾਰਾਂ ਨੂੰ ਮੁਕਤ ਕੰਠ ਮੁਬਾਰਕਾਂ ਸ਼ਾਬਾਸ਼ੀਆਂ ਭੇਟ ਕੀਤੀਆਂ। ਸਟੇਜ



Namdhari Elibrary NamdhariElibrary@gmail com

'ਤੇ ਹੀ ਜਦੋਂ ਨਾਟਕ ਰਚੇਤਾ ਨਾਲ ਜਾਣਕਾਰੀ ਹੋਈ, ਹੈਰਾਨ ਹੀ ਰਹਿ ਗਏ। ਸਾਡੇ ਨਾਲ ਫਿਰਨ ਵਾਲਾ, ਇਕ ਨਿਆਣਾ ਜਿਹਾ ਸੇਵਕ ਜਾਂ ਕਲਰਕ ਜਾਪਦਾ ਇਨਸਾਨ, ਏਡਾ ਮਹਾਨ ਨਾਟਕਕਾਰ ਹੋ ਸਕਦਾ ਹੈ? ਅਸਾਂ ਆਵਾਜ਼ ਦੇਣੀ 'ਰਾਜਬੰਸੀ'। ਧੰਨ ਭਾਗ ਹੈ—ਕਹਿਣ ਤੋਂ ਪਹਿਲਾਂ ਇਸਨੇ ਹਾਜ਼ਰ ਹੋ ਜਾਣਾ। ਇਤਨਾ ਮਹਾਨ, ਇਤਨਾ ਗੁਣਵਾਨ ਫਿਰ ਇਤਨਾ ਨਿਰਮਾਣ। ਮੈਂ ਤਾਂ ਆਪਣੀ ਜ਼ਿੰਦਗੀ ਵਿੱਚ ਇਹੋ ਜਿਹੇ ਥੋੜ੍ਹੇ ਹੀ ਵੇਖੇ ਹਨ।

ਰਾਤ ਕੁਵੇਲੇ ਸੌਣ ਤੱਕ ਨਾਟਕ ਬਾਰੇ ਚਰਚਾ ਚਲਦੀ ਰਹੀ। ੨੪ ਸਤੰਬਰ ਸਵੇਰੇ ਇਕ ਸਪੈਸ਼ਲ ਬੱਸ 'ਤੇ ੪੦-੪੫ ਜਣੇ, ਵਿੱਚ ਕੁਝ ਸਾਹਿਤਕਾਰ ਬੀਬੀਆਂ ਵੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਗੁਰਦੁਆਰੇ 'ਧੁਬੜੀ ਸਾਹਿਬ' ਦੇ ਦਰਸ਼ਨਾਂ ਲਈ ਰਵਾਨਾ ਹੋਏ। ਗੁਹਾਟੀ ਤੋਂ 'ਧੁਬੜੀ ਸਾਹਿਬ' ੩੦੦ ਕਿਲੋਮੀਟਰ ਤੋਂ ਵੱਧ ਸਫ਼ਰ ਹੈ। ਸਾਰਾ ਦਿਨ ਲਗਾਤਾਰ ਚਲਦੇ ਰਹੇ। ਰਸਤੇ ਵਿੱਚ ਨਾਰੀਅਲ, ਕੇਲਿਆਂ ਦੇ ਖੇਤ, ਕਿਤੇ-ਕਿਤੇ ਧਾਨ ਵੀ। ਬਹੁਤਾ ਕਰਕੇ ਪਾਣੀ ਹੀ ਪਾਣੀ ਦਿਸਹੱਦੇ ਤੱਕ, ਜਿਵੇਂ ਸਮੁੰਦਰ ਹੋਵੇ। ਨਿੱਕੀਆਂ ਬੇੜੀਆਂ ਇਕੱਲੇ ਹੀ ਲਈ ਫਿਰਦੇ ਵੇਖੇ ਜਿਵੇਂ ਕੋਈ ਮਾਰੂਤੀ ਚਲਾਈ ਫਿਰਦਾ ਹੋਵੇ। ਗੁਰਦੁਆਰੇ ਦੁਆਲੇ ਸ਼ਹਿਰ ਵੱਸਿਆ ਪਿਆ ਹੈ। ਰੇਲਵੇ ਸਟੇਸ਼ਨ ਵੀ ਹੈ। ਪਿਛਲੇ ਪਹਿਰ ਪਹੁੰਚੇ ਇਕ ਸਥਾਨਕ ਕਵੀ ਸੰਸਥਾ ਨਾਲ ਮਿਲਣਾ। ਕਵੀ ਦਰਬਾਰ ਹੋਣ ਬਾਅਦ ਸਨਮਾਨ ਭੇਟ ਕੀਤੇ ਗਏ। ਰਾਤ ਕੁਵੇਲੇ ਇਕ ਟਿੱਬੇ ਜਿਹੇ ਉੱਤੇ ਬਣੇ ਗੁਰਦੁਆਰੇ ਵਿੱਚ ਕਵੀ ਦਰਬਾਰ ਹੋਇਆ।

ਇਹਦੇ ਬਾਰੇ ਸਾਖੀ ਹੈ ਕਿ—ਏਧਰਲੇ ਲੋਕਾਂ ਦੇ ਜਾਦੂ-ਟੂਣੇ ਤੋਂ ਡਰਦਿਆਂ, ਰਾਜਾ ਜੈ ਸਿੰਘ, ਨੌਵੇਂ ਗੁਰੂ ਜੀ ਨੂੰ ਬੇਨਤੀ ਕਰ ਕੇ ਆਪਣੇ ਹਮਰਾਹ ਲੈ ਆਇਆ। ਬ੍ਰਹਮਪੁੱਤਰ ਦੇ ਦੋਵਾਂ ਕੰਢਿਆਂ 'ਤੇ ਫ਼ੌਜਾਂ ਡੱਟ ਕੇ ਖੜੇ ਗਈਆਂ। ਸਤਿਗੁਰਾਂ ਦੇ ਜਤਨਾਂ ਕਰਕੇ ਆਸਾਮੀ ਰਾਜੇ ਨੇ ਅਧੀਨਤਾ ਸਵੀਕਾਰ ਕਰ ਲਈ। ਸੁਲਾਹ ਬਾਅਦ ਰਾਜਾ ਜੈ ਸਿੰਘ ਨੇ ਫ਼ੌਜ ਨੂੰ ਹੁਕਮ ਦਿੱਤਾ—ਹਰ ਜਵਾਨ ਆਪਣੀ ਢਾਲ ਵਿੱਚ ਮਿੱਟੀ ਭਰ ਕੇ ਏਥੇ ਸੁੱਟਦਾ ਜਾਵੇ। ਕਹਿੰਦੇ ਹਨ—ਇਕ ਲੱਖ ਜਵਾਨ ਸੀ, ਇਸ ਕਰਕੇ ਇਹ ਏਡਾ ਉੱਚਾ ਟਿੱਬਾ ਬਣ ਗਿਆ। ਇਸ ਟਿੱਬੇ ਉੱਤੇ ਸਤਿਗੁਰਾਂ ਨੂੰ ਸੁਸ਼ੋਭਿਤ ਕਰਕੇ ਹਰ ਇਕ ਨੇ ਭੇਟ ਧਰ ਕੇ ਨਮਸਕਾਰ ਕੀਤੀ। ਗੁਰੂ ਘਰੋਂ ਪੀਲੇ ਪਰਨਿਆਂ ਦਾ ਸਤਿਕਾਰ ਮਿਲਿਆ। ਰਾਤ ੧੦.੩੦ ਵਜੇ ਲੰਗਰ ਛੱਕਿਆ। ਸਥਾਨਕ ਸੱਜਣ ਕਹਿਣ, ਰਾਤ ਸਫ਼ਰ ਕਰਨਾ ਖ਼ਤਰੇ ਤੋਂ ਖ਼ਾਲੀ ਨਹੀਂ। ਅਸਾਂ ਅਗਲਾ ਦਿਨ ਬਚਾਉਣ ਪਾਰੋਂ ਰਾਤ ੧੧ ਵਜੇ ਧਾਈ ਕਰ ਲਈ। ਅਗਲੇ ਦਿਨ ੯ ਵਜੇ ਗੁਹਾਟੀ ਨੇੜੇ ਸ੍ਰ. ਹਿਰਦਬੀਰ ਸਿੰਘ ਨੇ ਆਪਣੇ ਨਵੇਂ ਪੈਟਰੋਲ ਪੰਪ ਤੇ ਸੰਗਤ ਨੂੰ ਚਾਹ ਬਿਸਕੁਟਾਂ ਦਾ ਲੰਗਰ ਛਕਾਇਆ।

ਧੁਬੜੀ ਸਾਹਿਬ ਤੇ ਗੁਹਾਟੀ ਵਿੱਚ ਵਧੀਆ ਚਾਰ ਮੰਜ਼ਲੇ ਗੁਰਦੁਆਰੇ ਹਨ। ਦੋਵੇਂ ਜਗ੍ਹਾ ਪੰਜਾਬੀ ਸਰਦਾਰ ਕਾਫ਼ੀ ਹਨ। ਕਾਰੋਬਾਰ ਵੀ ਚੰਗੇ ਹਨ। ਗੁਰੂ ਘਰੋਂ ਲੰਗਰ ਅਤੁੱਟ ਮਿਲਦਾ ਹੈ। ਗੁਹਾਟੀ ਸ਼ਾਮ ਨੂੰ ਕਵੀ ਦਰਬਾਰ ਹੋਏ ਤੇ ਸਨਮਾਨ ਮਿਲੇ। ਗੁਰੂ ਘਰੋਂ ਬਸੰਤੀ ਸਿਰੋਪੇ—ਹੋਰ ਸੰਸਥਾਵਾਂ ਤੋਂ ਆਸਾਮੀ ਤਰੀਕੇ ਦੇ ਨਾਲ ਕਿਨਾਰਿਆਂ ਅਤੇ ਗੂੜ੍ਹੇ ਲਾਲ ਬੂਟੇ ਹੋਏ ਚਾਦਰਾਂ, ਵਾਲੇ ਨੀਮ ਬਦਾਮੀ ਚੁੰਨੀਆਂ ਵਰਗੇ ਪਰਨੇ ਭੇਟ ਕੀਤੇ ਜਾਂਦੇ। ਟਕੋਰ ਥੀਏਟਰ ਵਿੱਚ ਬਾਂਸ ਦੇ ਬੁਣੇ ਹੋਏ ਮਖ਼ਮਲ ਦੀ ਲਾਲ ਕਿਨਾਰੀ ਵਾਲੇ ਗੋਲ ਟੋਪ ਸਿਰਾਂ 'ਤੇ ਸਜਾ ਕੇ ਫ਼ੋਟੋ ਉਤਾਰੀਆਂ ਗਈਆਂ।

ਛੇਵੀਂ ਤਾਰੀਖ਼ ਸਵੇਰੇ ੭ ਵਜੇ ਰੇਲ 'ਤੇ ਸਵਾਰ ਹੋਣ ਸਮੇਂ ਡਾਇਰੈਕਟਰ 'ਰਾਜ ਬੰਸੀ', ਨਿੱਕੀ ਅਰਚਨਾ ਆਦਿ ਬੱਚੀਆਂ ਨੇ ਵਿਛੜਨ ਵੇਲੇ ਨੂੰ ਕਰੁਣਾ ਰਸ ਨਾਲ ਭਿਓਂ ਦਿੱਤਾ। ਬੱਚੀਆਂ ਦੇ ਹੰਝੂਆਂ ਨੇ ਸਾਡੇ ਵਿੱਚੋਂ ਵੀ ਮੁਦਗਿਲ ਆਦਿ ਕਵੀਆਂ ਦੀਆਂ ਅੱਖਾਂ ਭੁਲਾ ਦਿੱਤੀਆਂ। ਭਰੇ ਮਨ ਸੀਟਾਂ 'ਤੇ ਆ ਕੇ ਵੀ ਕਈ ਚਿਰ ਕੋਈ ਗੱਲ ਨਾ ਹੋ ਸਕੀ। ਇਸ ਵਾਰ ਕਾਮਰੇਡ ਕੋਮਲ—ਸੁਦਰਸ਼ਨ ਗਾਸੋ, ਸ੍ਰੀ ਆਰ. ਮੁਦਗਿਲ ਅਤੇ ਮੈਨੂੰ ਇੱਕ ਜਗਾਹ ਬਹਿਣ ਦਾ ਅਵਸਰ ਮਿਲ ਗਿਆ ਏ ਸੀ. ਰੇਲ ਵਿੱਚ ਫਿਰ ਰੂਸ, ਜੇਮ ਵਾਲਾ ਦੌਰ ਸ਼ੁਰੂ ਹੋ ਗਿਆ। ਜਿਦੇ ਆਸਰੇ ਅਸੀਂ ਵਿਛੋੜੇ ਦੀ ਪਕੜ 'ਚੋਂ ਬਾਹਰ ਨਿਕਲ ਸਕੇ। ਪੰਜਾਬੀ ਦਾ ਅਖਾਣ ਹੈ—'ਰਾਹ ਪਿਆ ਜਾਣੀਏ ਜਾਂ ਵਾਹ ਪਿਆ ਜਾਣੀਏ'। ਹੁਣ ਡਾਇਰੈਕਟਰ ਮੁਦਗਿਲ ਨਵੇਂ ਰੂਪ ਵਿੱਚ ਜਲਵਾ ਗਰ ਹੋਇਆ।

ਪਹਿਲਾਂ ਤਾਂ ਇਸ ਨੂੰ ਇਕ ਬਹੁਤ ਕਿਤਾਬਾਂ ਦੇ ਲਿਖਾਰੀ ਜਾਂ ਅਕਾਦਮੀ ਅਧਿਕਾਰੀ ਵਜੋਂ ਹੀ ਵੇਖਿਆ ਸੀ। ਜਾਂ ਕੁਝ ਖੁੱਲ੍ਹੀਆਂ ਡਿੱਲੀਆਂ ਕਵਿਤਾਵਾਂ ਨਜ਼ਰੀਂ ਪਈਆਂ ਸਨ। ਪਰ ਇਹ ਲਤੀਫ਼ਾ ਗੋ ਦਾ ਰੂਪ ਵਿਲੱਖਣ ਜਿਹਾ ਸਾਹਮਣੇ ਆਇਆ। ਵਾਰੀ ਤਾਂ 'ਕੋਮਲ' ਨੇ ਵੀ ਚੰਗੀ ਵਾਹੀ। ਇਸ ਵਿਦਵਾਨ ਪੰਡਿਤ ਦੀਆਂ ਅਨੇਕ ਸ਼ਕਲਾਂ ਵਿੱਚੋਂ ਘੁਮੱਕੜ ਬ੍ਰਾਹਮਣ ਵਾਲੀ ਸ਼ਕਲ ਸਭ ਤੋਂ ਵਧੇਰੇ ਸਾਰਥਕ ਹੈ, ਜਿਸ ਕਰਕੇ ਹਰਿਆਣੇ ਵਿੱਚ ਪੰਜਾਬੀ ਬੋਲੀ ਦਾ ਭਰਪੂਰ ਪ੍ਰਚਾਰ ਹੋ ਰਿਹਾ ਹੈ। ਅੱਲਾਹ ਕਰੇ ਜ਼ੋਰਿ ਕਲਮ ਔਰ ਜ਼ਿਆਦਾ ਵੀ ਤੇ ਰੱਬ ਕਰੇ ਇਹ ਤੰਦਰੁਸਤ ਰਹੇ ਤੇ ਇਸ ਦਾ ਪੈਰ ਚੱਕਰ, ਇਜੇ ਹੀ ਚੱਲਦਾ ਰਹੇ। ਆਮੀਨ।

ਵੀ.ਪੀ.ਓ. ਖੁੱਡੀ ਮੈਂਡੀ
ਉਰਫ਼ (ਰਾਮਪੁਰ ਖੰਗਰ) ੧੨੫੧੦੨
ਸੈੱਲ—੦੧੬੯੯-੨੮੦੨੬੧



Namdhari Elibrary NamdhariElibrary@gmail.com

Gram : 'Sniper' Hello : 431367

Reputed Manufacturers of :

# Superior Quality

## SINGLE BARREL

&

## DOUBLE BARREL

B.L.–12 Bore

# GUNS

# MODERN GUN WORKS

OPP. : INDUSTRIAL ESATE,

JAMMU CANTT.



Namdhari Elibrary NamdhariElibrary@gmail com

# ... ਜੇਕਰ ਰੱਬ ਨਾ ਪੇਟ ਲਗਾਂਵਦਾ ਈ

—ਬਲਦੇਵ ਮਾਹਿਪੁਰੀ

ਚਾਹੇ ਕੋਈ ਇਕ ਮੱਹਲਾਂ ਕੋਠੀਆਂ ਵਿਚ ਰਹਿਣ ਵਾਲਾ ਹੋਵੇ, ਚਾਹੇ ਇਕ ਖੁਲ੍ਹੀ ਛੱਤ ਅਸਮਾਨ ਹੇਠ ਜਾਂ ਝੌਂਪੜੀ ਵਿਚ ਰਹਿਣ ਵਾਲਾ ਹੋਵੇ-ਸਭ ਇਕੋ ਗੱਲ ਹੀ ਕਹਿੰਦੇ ਹਨ, "ਬਸ ਦੋ ਰੋਟੀਆਂ ਮਿਲੀ ਜਾਂਦੀਆਂ ਹਨ।" ਇਹ ਦੋ ਰੋਟੀਆਂ ਪੈਦਾ ਕਰਨੀਆਂ ਬੜੀਆਂ ਔਖੀਆਂ ਹਨ। ਇਕ ਧਨਾਢ ਆਦਮੀ ਕੋਲ ਤਾਂ ਬੜਾ ਪੈਸਾ ਹੈ, ਉਸਨੂੰ ਤਾਂ ਇਹ ਦੋ ਰੋਟੀਆਂ ਪੈਦਾ ਕਰਨੀਆਂ ਔਖੀਆਂ ਨਹੀਂ ਜਦਕਿ ਇਕ ਗਰੀਬ ਮੰਗਤਾ ਦਰ-ਦਰ ਤੇ ਅਲਖ ਜਗਾ ਕੇ ਪੈਸੇ ਇਕੱਠੇ ਕਰਕੇ ਪਹਿਲਾਂ ਉਹ ਆਟਾ ਲੈਂਦਾ ਹੈ, ਫਿਰ ਇਧਰੋਂ ਉਧਰੋਂ ਬਾਲਣ ਇਕੱਠਾ ਕਰਕੇ ਰਾੱਖੇ ਤੇ ਰੋਟੀਆਂ ਸੇਕ ਕੇ ਆਪਣੇ ਪੇਟ ਦੀ ਅੱਗ ਬੁਝਾਉਂਦਾ ਹੈ।

ਇਹ ਜੋ ਅਸੀ ਦੁਨੀਆਂ ਤੇ ਅਡੰਬਰ ਦੇਖਦੇ ਹਾਂ, ਇਹ ਸਭ ਪੇਟ ਦੀ ਅਗਨੀ ਬੁਝਾਉਣ ਦੇ ਹੀ ਸਾਧਨ ਹਨ। ਸਵੇਰੇ ਨਾਸ਼ਤਾ ਕਰਕੇ ਸੰਤੁਸ਼ਟ ਹੋ ਜਾਈਦਾ ਹੈ। ਦੁਪਹਿਰ ਨੂੰ ਫਿਰ ਭੁੱਖ ਲੱਗ ਜਾਂਦੀ ਹੈ। ਲੌਢੇ ਕੁ ਵੇਲੇ ਨੂੰ ਹਲਕਾ-ਫੁਲਕਾ (ਫਾਸਟ ਫੂਡ) ਲੈ ਲੈਂਦੇ ਹਾਂ। ਰਾਤ ਆ ਜਾਂਦੀ ਹੈ, ਰੋਟੀਆਂ ਦੁਆਲੇ ਫਿਰ ਹੋ ਜਾਈਦਾ ਹੈ। ਇਸੇ ਤਰ੍ਹਾਂ ਇਹ ਸਿਲਸਿਲਾ ਜਦੋਂ ਤਕ ਬੰਦਾ ਜਿਉਂਦਾ ਹੈ, ਜਾਰੀ ਰਹਿੰਦਾ ਹੈ।

ਰੋਟੀਆਂ ਪੈਦਾ ਕਰਨ ਲਈ ਅਨ ਚਾਹੀਦਾ ਹੈ। ਅੰਨ ਪੈਦਾ ਕਰਨ ਲਈ ਜ਼ਮੀਨ ਚਾਹੀਦੀ ਹੈ, ਕਿਸਾਨ ਉਸ ਵਿਚੋਂ ਅੰਨ ਪੈਦਾ ਕਰਦਾ ਹੈ। ਕਿਸਾਨ ਨੂੰ ਖੇਤੀ ਬਾੜੀ ਦਾ ਔਜ਼ਾਰ ਚਾਹੀਦੇ ਹਨ। ਇਨ੍ਹਾਂ ਔਜ਼ਾਰਾਂ ਨੂੰ ਬਣਾਉਣ ਵਾਸਤੇ ਕੱਚਾ ਮਾਲ ਚਾਹੀਦਾ ਹੈ, ਕਾਰੀਗਰ ਚਾਹੀਦੇ ਹਨ। ਤੇ ਕਾਰੀਗਰ ਘਰਾਂ ਤੋ ਆਕੇ ਕਾਰਖਾਨਿਆਂ ਵਿਚ ਕੰਮ ਕਰਦੇ ਹਨ। ਸਾਰੀ ਦਿਹਾੜੀ ਦੌੜ ਲੱਗੀ ਰਹਿੰਦੀ ਹੈ। ਚਲ ਓਏ ਫਲਾਣਿਆਂ ਚਲ ਓਏ ਧਮਕਾਣਿਆਂ ਕੰਮ ਬੜਾ ਲੇਟ ਹੋ ਗਿਆ। ਛੇਤੀ ਕਰ ਅਜ ਸ਼ਾਮੀ ਟਰਕ ਮਾਲ ਭੇਜਣਾ ਜ਼ਰੂਰ ਐ।"

ਏਸ ਜ਼ਮੀਨ ਬਦਲੇ ਹੀ ਲੜਾਈਆਂ ਹੁੰਦੀਆਂ ਹਨ-"ਔਹ ਮੇਰੀ ਐ ਔਹ ਤੇਰੀ ਐ। ਤੂੰ ਮੇਰਾ ਬੰਨਾ ਵੱਢ ਲਿਆ, ਮੈਂ ਤੇਨੂੰ ਦੇਖੂੰਗਾ। ਗੁਸਾ ਚੰਡਾਲ ਹੁੰਦਾ ਇਕ ਦੂਜੇ ਦੇ ਕਤਲ ਹੁੰਦੇ ਨੇ। ਫਿਰ ਠਾਣਿਆਂ ਕਚਹਿਰੀਆਂ ਵਿਚ ਇਨਸਾਫ ਲਈ ਜਾਣਾ ਪੈਂਦਾ ਹੈ। ਅੱਗੇ ਮੁਨਸਫ ਵੀ ਪੇਟ ਦੀ ਅੱਗ ਬੁਝਾਉਣ ਲਈ ਬੈਠੇ ਹੁੰਦੇ ਨੇ। ਰਿਸ਼ਵਤ ਮੰਗਦੇ ਨੇ-ਤੁਹਾਡੀ ਸੁਲਾਹ ਕਰਵਾ ਦਿੰਨੇ ਆਂ... ਐਨੇ ਪੈਸੇ ਚਾਹੀਦੇ ਆ। ਸਾਲਾਂ ਬੱਧੀ ਕੇਸ ਚਲਦੇ ਨੇ। ਪਰਨਾਲਾ ਫਿਰ ਉਥੇ ਦੀ ਉਥੇ। ਮੁਨਸਫ ਵੀ ਕਹਿੰਦੇ ਨੇ-ਦੋ ਰੋਟੀਆਂ ਖਾਣੀਆਂ ਨੇ... ਸਾਨੂੰ ਵੀ ਕੁਝ ਨਾ ਕੁਝ ਤਾਂ ਕਰਨਾ ਈ ਪੈਣਾ।

ਪਹਿਲਾਂ ਟੱਬਰ, ਫੇਰ ਘਰ, ਫੇਰ ਪਿੰਡ, ਫੇਰ ਤਸੀਲਾਂ ਜਿਲੇ, ਪ੍ਰਦੇਸ ਤੇ ਫਿਰ ਦੇਸ਼ ਬਣ ਜਾਂਦੇ ਨੇ। ਦੇਸ਼ ਦੀ ਜ਼ਮੀਨ ਦੀ ਸੀਮਾ। ਸੀਮਾ ਤੋਂ ਅੱਗੇ ਲਕੀਰ ਖਿੱਚਕੇ ਦੂਸਰਾ ਦੇਸ਼ ਤੇ ਫਿਰ ਨਾਲ-ਨਾਲ ਹੋਰ ਦੇਸ਼। ਫਿਰ ਇਨ੍ਹਾਂ ਹਦਾਂ-ਸਰਹਦਾਂ ਬਦਲੇ ਵਡੀ ਪੱਧਰ ਹਥਿਆਰਾਂ ਨਾਲ ਲੜਾਈਆਂ। ਲੜਾਈਆਂ ਲੜਨ ਲਈ ਦੂਸਰਿਆਂ ਮੁਲਕਾਂ ਨਾਲ ਮਿੱਤਰਚਾਰਾ ਤੇ ਵਿਰੋਧੀ ਮੁਲਕ ਨੂੰ ਫਨਾਹ-ਫਿਲਾ ਕਰਨ ਲਈ ਪ੍ਰਮਾਣੂ ਹਥਿਆਰ ਬਣਾਉਣੇ। ਸੋਚ ਸਭ ਦੀ ਇਕੋ—ਆਪਣੇ ਦੇਸ਼ ਦੇ ਨਾਗਰਿਕਾਂ ਨੂੰ ਪੇਟ ਦੀ ਅੱਗ ਬੁਝਾਉਣ ਲਈ ਦੋ ਰੋਟੀਆਂ ਆਰਾਮ ਨਾਲ ਮਿਲ ਸਕਣ।

ਇਨ੍ਹਾਂ ਰੋਟੀਆਂ ਲਈ ਜ਼ਮੀਨ ਤਾਂ ਕੀ-ਅਸਮਾਨ ਵਿਚ ਵੀ ਹੱਦਾਂ-ਸਰਹੱਦਾਂ ਬਣਾ ਲਈਆਂ ਨੇ ਏਸ ਬੰਦੇ ਨੇ। ਸਮੁੰਦਰ ਵੰਡ ਲਏ ਨੇ। ਅਗਰ ਕੋਈ ਦੂਸਰੇ ਮੁਲਕ ਦੀ ਹੱਦ ਵਿਚ ਚਲੇ ਜਾਂਦਾ ਹੈ ਤਾਂ ਉਸ ਨੂੰ ਫੜ ਕੇ ਜੇਲ੍ਹਾਂ ਚ ਸੁਟ ਦਿਤਾ ਜਾਂਦਾ ਹੈ। ਤੇ ਕਿਹਾ ਜਾਂਦਾ ਹੈ - "ਓਏ ਤੂੰ ਸਾਡੇ ਮੁਲਕ ਦੀ ਅੰਦਰੂਨੀ ਸੀ ਆਈ ਡੀ ਕਰਨ ਆਇਆ ਏਂ। ਬੈਠਾ ਰਹਿ ਕਾਲ-ਕੋਠੜੀ ਵਿਚ"। ਤੇ ਅਸਮਾਨਾਂ ਚ ਹਵਾਈ ਜਹਾਜ਼ਾਂ ਤੇ ਮਿਜ਼ਾਈਲਾਂ ਨਾਲ ਲੜਾਈਆਂ-ਸੁਟ ਦਿਓ ਬੰਬ ਗੋਲੇ .. ਕਰ ਦਿਓ ਫਨਾਹ. . ਉਠਣ ਜੋਗੇ ਨਾ ਰਹਿਣ। ਇਹਨਾਂ ਨੂੰ ਦੋ ਟੈਮ ਦੀ ਰੋਟੀ ਨਾ ਮਿਲੇ।"

ਇਹ ਦੋ ਰੋਟੀਆਂ ਜਦ ਬੰਦੇ ਨੂੰ ਆਪਣੇ ਦੇਸ਼ ਵਿਚੋਂ ਨਸੀਬ ਨਹੀਂ ਹੁੰਦੀਆਂ ਤਾਂ ਇਹ ਬੰਦਾ ਜਿਨ੍ਹਾਂ ਦੇਸ਼ਾਂ ਕੋਲ ਅੰਨ ਦੇ ਭੰਡਾਰ ਭਰੇ ਪਏ ਨੇ ਉਨ੍ਹਾਂ ਵਲ ਨੂੰ ਰੁਖ ਕਰ ਲੈਂਦਾ ਹੈ। ਦੇਸ਼ ਤੋਂ ਪਰਦੇਸ ਜਾਕੇ ਮਿਹਨਤ-ਮੁਸ਼ੱਕਤ ਕਰਕੇ ਨਾਲੇ ਆਪਣੇ ਲਈ ਤੇ ਨਾਲੇ ਆਪਣੇ ਟੱਬਰ ਲਈ ਦੋ ਰੋਟੀਆਂ ਦਾ ਇੰਤਜ਼ਾਮ ਕਰਦਾ ਹੈ। ਤੇ ਆਉਣ ਵਾਲੇ ਸਮੇਂ ਲਈ ਧਨ ਇਕੱਠਾ ਕਰਦਾ ਹੈ ਤਾਂ ਕਿ ਉਨ੍ਹਾਂ ਨੂੰ ਪੇਟ ਦੀ ਭੁਖ ਨਾ ਸਤਾਵੇ। ਭੱਜਾ ਫਿਰਦੇ ਸਮੁੰਦਰ ਟੱਪਕੇ ਕਦੀ ਇਕ ਮੁਲਕ ਤੇ ਕਦੀ ਦੂਜਾ ਮੁਲਕ। ਕੋਸ਼ਿਸ਼ ਕਰਕੇ ਆਪਣਿਆਂ ਨੂੰ ਵੀ ਓਥੇ ਸੱਦਦਾ।

ਸੁਣਦੇ ਰਹਿੰਦੇ ਹਾਂ ਕਿ ਜਦੋਂ ਰਬ ਨੇ ਇਨਸਾਨ ਨੂੰ ਪੈਦਾ ਕੀਤਾ ਉਸ ਵੇਲੇ ਇਨਸਾਨ ਰੋਟੀਆਂ ਨਹੀ ਸੀ ਖਾਂਦਾ। ਸਿਰਫ ਹਵਾ ਹੀ ਖਾਂਦਾ ਸੀ ਤੇ ਉਸ ਦੇ ਆਸਰੇ ਨਾਲ ਹੀ ਜਿਉਂਦਾ ਸੀ। ਫਿਰ ਰੱਬ ਨੇ ਐਸਾ ਖੇਲ ਰਚਾਇਆ ਉਸ ਨੂੰ ਪੇਟ ਲਾ ਦਿਤਾ। ਉਸਦੇ ਖਾਣ ਵਾਸਤੇ ਅਨਾਜ ਫਲ ਫਰੂਟ ਤੇ ਹੋਰ ਵਸਤਾਂ ਪੈਦਾ ਕੀਤੀਆਂ ਤੇ ਇਨਸਾਨ ਨੂੰ ਖਾਣ ਦੀ ਚੇਟਕ ਲਾ ਦਿੱਤੀ। ਫਿਰ ਸੋਝੀ ਦਿੱਤੀ ਤੇ ਇਹ ਚੀਜ਼ਾਂ ਆਪ ਪੈਦਾ ਕਰਨ ਲੱਗ ਗਿਆ ਤੇ ਇਨ੍ਹਾਂ ਨੂੰ ਖਾ ਕੇ ਪੇਟ ਭਰਨ ਲੱਗ ਪਿਆ। ਪਰ ਅੱਜ ਤਕ ਇਹ ਪੇਟ ਭਰਿਆ ਹੀ ਨਹੀਂ। ਬੜੇ ਪਟੱਟੇ ਕਰਨ ਦੇ ਬਾਵਜੂਦ ਵੀ ਇਹ ਭਰਦਾ ਹੀ ਨਹੀਂ। ਖਾਲੀ ਹੋ ਜਾਂਦਾ ਹੈ। ਇਹ ਹੈ ਰੱਬ ਦਾ ਕ੍ਰਿਸ਼ਮਾ।

ਰੱਬ ਨੇ ਆਪਣੀ ਉਸਤਤ ਕਰਵਾਉਣ ਲਈ ਦੇਵੀ-



Namdhari Elibrary NamdhariElibrary@gmail.com

ਦੇਵਤੇ ਪੈਦਾ ਕੀਤੇ ਤੇ ਰਿਸ਼ੀ ਮੁਨੀ ਤਪੱਸਵੀ, ਸਾਧ ਸੰਤ ਵੀ ਪੈਦਾ ਕੀਤੇ। ਕਈਆਂ ਨੇ ਤਾਂ ਹਜ਼ਾਰਾਂ ਲੱਖਾਂ ਕਰੋੜਾਂ ਸਾਲ ਭਗਤੀ ਕੀਤੀ ਤੇ ਅੰਨ-ਜਲ ਨਹੀਂ ਛਕਿਆ.. ਉਹ ਤਾਂ ਰੱਬ ਨੂੰ ਪਾ ਗਏ। ਪਰ ਜਿਹੜੇ ਅੰਨ-ਜਲ ਦੇ ਚੱਕਰ ਵਿਚ ਪੈ ਗਏ ਤੇ ਭੁੱਖ ਨੂੰ ਸਹਿ ਨਾ ਸਕੇ, ਉਹ ਰੱਬ ਨੂੰ ਨਾ ਪਾ ਸਕੇ। ਹਾਂ ਕਈ ਐਸੇ ਵੀ ਮਹਾਂਪੁਰਸ਼ ਹੋਏ ਹਨ, ਜਿਨ੍ਹਾਂ ਨੇ ਇਸ ਸੰਸਾਰ ਵਿਚ ਰਹਿੰਦੇ ਹੋਏ, ਅੰਨ-ਜਲ ਛਕਦੇ ਹੋਏ ਰੱਬ ਨੂੰ ਪਾਉਣ ਲਈ ਸੱਚੇ ਮਨੋਂ ਭਗਤੀ ਕੀਤੀ ਤੇ ਉਹ ਰੱਬ ਨੂੰ ਪਾ ਗਏ। ਇਕ ਭਗਤ ਨੇ ਰੱਬ ਨੂੰ ਮੇਹਣਾ ਵੀ ਦਿੱਤਾ ਸੀ; ਉਸਨੇ ਕਿਹਾ ਸੀ "ਭੂੱਖੇ ਭਗਤ ਨਾ ਕੀਜੇ, ਯੇ ਮਾਲਾ ਅਪਨੀ ਲੀਜੇ॥"

ਅੱਜ ਕਈ ਲੋਕ ਸਾਧੂਆਂ ਦੇ ਭੇਸ ਵਿਚ ਜੋਗੀਆ ਕਪੜੇ ਪਹਿਨਕੇ ਆਪਣੇ ਪੇਟ ਦੀ ਅੱਗ ਬੁਝਾਉਣ ਲਈ ਦੋ ਰੋਟੀਆਂ ਦਾ ਇੰਤਜ਼ਾਮ ਕਰਨ ਲਈ ਲੋਕਾਈ ਵਿਚ ਦਰ-ਦਰ ਮੰਗਦੇ ਫਿਰਦੇ ਹਨ। ਉਨ੍ਹਾਂ ਦਾ ਬਾਣਾ ਹੀ ਜੋਗੀਆ ਹੈ, ਪਰ ਅਸਲ ਵਿਚ ਉਹ ਭੁੱਖ ਦੇ ਸਤਾਏ ਹੋਏ ਹਨ, ਉਨ੍ਹਾਂ ਦੀ ਸੰਤੁਸ਼ਟੀ ਵੀ ਨਹੀਂ ਹੈ। ਉਨ੍ਹਾਂ ਭਗਤੀ ਕੀ ਕਰਨੀ ਹੈ ਤੇ ਰੱਬ ਨੂੰ ਕੀ ਪਾਉਣਾ ਹੈ!

ਇਨ੍ਹਾਂ ਰੋਟੀਆਂ ਬਦਲੇ ਕਈ ਲੋਕ ਠੱਗੀਆਂ ਤੇ ਡਾਕੇ ਵੀ ਮਾਰਦੇ ਹਨ। ਕਿਸੇ ਦੀਆਂ ਰੋਟੀਆਂ ਖੋਹ ਕੇ ਆਪ ਖਾ ਜਾਂਦੇ ਨੇ। ਭਾਵ ਉਨ੍ਹਾਂ ਤੋਂ ਲੁੱਟੇ ਹੋਏ ਪੈਸਿਆਂ ਨਾਲ ਖੂਬ ਐਸ਼ਾਂ ਕਰਦੇ ਹਨ ਤੇ ਗੁੱਲ-ਛੱਰੇ ਉਡਾਉਂਦੇ ਹਨ। ਕਹਿੰਦੇ ਉਹ ਵੀ ਇਹੋ ਨੇ-"ਲਓ, ਜੀ ਦੋ ਰੋਟੀਆਂ ਹੀ ਖਾਣੀਆਂ ਨੇ, ਉਹ ਮਿਲੀ ਜਾਂਦੀਆਂ ਨੇ।"

ਇਨ੍ਹਾਂ ਸਭ ਖੁਆਰੀਆਂ ਦੀ ਜੜ੍ਹ ਪੇਟ ਹੀ ਹੈ। ਇਹੋ ਹੀ ਨਹੀਂ ਭਰਦਾ। ਇਹਨੂੰ ਭਰਨ ਦੀ ਖਾਤਰ ਕੋਈ ਪੈਦਲ ਹੀ ਦੌੜਾ ਜਾਂਦਾ ਹੈ, ਕੋਈ ਸਾਈਕਲ ਤੇ, ਕੋਈ ਸਕੂਟਰ ਮੋਟਰ ਸਾਈਕਲ, ਕਾਰਾਂ ਬੱਸਾਂ, ਗੱਡੀਆਂ ਜਹਾਜ਼ਾਂ ਤੇ ਚੜ੍ਹ ਕੇ ਦੌੜਾ ਫਿਰਦਾ ਹੈ, ਦਿਨ-ਰਾਤ ਚੈਨ ਨਹੀਂ ਆਉਂਦਾ। ਸਵੇਰੇ ਹੀ ਦੌੜ ਸ਼ੁਰੂ ਹੋ ਜਾਂਦੀ ਤੇ ਰਾਤ ਤਕ ਦੌੜਦਾ ਹੀ ਰਹਿੰਦਾ ਹੈ। ਕੰਮ ਇਤਨੇ ਵਧ ਗਏ ਹਨ ਕਿ ਥੋੜੀ ਘੜੀ ਆਰਾਮ ਨਹੀਂ ਮਿਲਦਾ। ਕੰਮਾਂ 'ਚੋਂ ਹੀ ਵਿਹਲ ਨਹੀਂ ਮਿਲਦਾ, ਬੰਦੇ ਨੇ ਰੱਬ ਨੂੰ ਕੀ ਧਿਆਉਣਾ ਹੈ। ਸਾਰਾ ਜੱਗ ਇਸ ਧੰਦੇ ਵਿਚ ਲੱਗਾ ਹੋਇਆ ਹੈ। ਅਸਲ ਵਿੱਚ ਰੱਬ ਨੇ ਹੀ ਇਨ੍ਹਾਂ ਨੂੰ ਇਸ ਆਹਰ ਵਿਚ ਲਾਇਆ ਹੋਇਆ ਹੈ। ਤਾਂ ਕਿ ਬੰਦਾ ਇਸ ਰੋਟੀ ਦੇ ਚੱਕਰ ਵਿਚ ਹੀ ਫਸਿਆ ਰਹੇ, ਕਿਉਂਕਿ ਬੰਦਾ ਰੱਬ ਨੂੰ ਭੁੱਲ ਹੀ ਗਿਆ ਹੈ।

ਕਵੀ ਸਾਧੂ ਦਯਾ ਸਿੰਘ ਆਰਿਫ਼ ਨੇ ਆਪਣੀ ਕਿਤਾਬ "ਜ਼ਿੰਦਗੀ ਬਿਲਾਸ " ਵਿਚ ਬੰਦੇ ਨੂੰ ਸਮਝਾਉਣ ਲਈ ਜੰਮਣ ਤੋਂ ਲੈ ਕੇ ਮਰਨ ਤਕ ਕਵਿਤਾਵਾਂ ਅਤੇ ਬੈਂਤਾਂ ਲਿਖੀਆਂ ਹਨ, ਜਿਹੜੀਆਂ ਕਿ ਬੰਦੇ ਨੂੰ ਸਾਲੋਂ-ਸਾਲ ਵਧ ਰਹੀ ਉਮਰ ਵਲ ਇਸ਼ਾਰਾ ਕਰਦੀਆਂ ਹਨ। ਪਰ ਬੰਦਾ ਬੇਸਮਝ ਹੋ ਜਾਂਦਾ ਹੈ, ਉਸਨੂੰ ਪੇਟ ਦੀ ਭੁੱਖ ਬਹੁਤ ਸਤਾਉਂਦੀ ਰਹਿੰਦੀ ਹੈ। ਕਵੀ ਇਸ ਚੰਦਰੇ ਪੇਟ ਨੂੰ ਹੀ ਕਸੂਰਵਾਰ ਠਹਿਰਾਉਂਦਾ ਹੈ ਅਤੇ ਕਵਿਤਾ ਵਿਚ ਕਹਿੰਦਾ ਹੈ -

ਬਾਹਠ ਸਾਲ ਗੁਜ਼ਰੇ ਬਿਨਾਂ ਬੰਦਗੀ ਤੋਂ
ਰਿਹਾ ਬੰਦਿਆ ਪੇਟ ਸਤਾਂਵਦਾ ਈ।
ਪੇਟ ਚੰਦਰਾ ਸਿਦਕ ਨਾ ਰਹਿਣ ਦੇਂਦਾ,
ਠੱਗੀ ਦਗਾ ਫ਼ਰੇਬ ਕਰਾਂਵਦਾ ਈ।
ਪੇਟ ਚੰਦਰਾ ਕੱਢ ਕੇ ਦੇਸ ਵਿਚੋਂ,
ਜਾ ਕੇ ਵਿਚ ਪ੍ਰਦੇਸ ਰੁਲਾਂਵਦਾ ਈ।
ਪੇਟ ਚੰਦਰਾ ਗਲੀ ਦੇ ਮੰਗਤੇ ਨੂੰ,
ਠੂਠਾ ਹੱਥ ਦੇ ਵਿਚ ਫੜਾਂਵਦਾ ਈ।
ਪੇਟ ਚੰਦਰਾ ਮਟਕ ਨਾ ਰਹਿਣ ਦੇਂਦਾ,
ਗਲੀ ਗਲੀ ਦਾ ਖੈਰ ਮੰਗਾਂਵਦਾ ਈ।
ਏਸ ਪੇਟ ਨੇ ਪੁਟਿਆ ਮੁਲਕ ਸਾਰਾ,
ਇਕ ਘੜੀ ਆਰਾਮ ਨਹੀਂ ਪਾਂਵਦਾ ਈ।
ਪੇਟ ਚੰਦਰਾ ਉਡਿਆਂ ਪੰਛੀਆਂ ਨੂੰ,
ਲਿਆਕੇ ਵਿਚ ਕੁੜਿਕੀ ਦੇ ਫਹਾਂਵਦਾ ਈ।
ਏਸ ਪੇਟ ਦਾ ਮਾਰਿਆ ਫਿਰੇ ਰੋਂਦਾ,
ਬੰਦਾ ਰਾਮ ਦਾ ਨਾਮ ਭੁਲਾਂਵਦਾ ਈ।
ਏਸ ਪੇਟ ਦਾ ਮਾਰਿਆ ਪਾਪ ਕਰਦਾ,
ਪੇਟ ਦੋਜ਼ਕਾਂ ਵਿਚ ਪੁਚਾਂਵਦਾ ਈ।
ਪੇਟ ਚੰਦਰਾ ਮਾਸ ਦੇ ਖਾਣ ਹਾਰਾ,
ਗਲ ਜੀਵ ਦੇ ਛੁਰੀ ਚਲਾਂਵਦਾ ਈ।
ਪੈਲਾ ਪੇਟ ਅਨਾਜ ਦਾ ਨਾਸ ਕਰਦਾ,
ਸਬਰ ਏਸ ਨੂੰ ਕਿਤੇ ਨਾ ਆਂਵਦਾ ਈ।
ਪੇਟ ਚੰਗਿਆਂ ਚੰਗ ਪਦਾਰਥਾਂ ਨੂੰ,
ਪਾਪੀ ਚੰਦਰਾ ਚਿਤ ਭਟਕਾਂਵਦਾ ਈ।
ਅੱਖੀਂ ਦੇਖ ਲੈ ਜਗਤ ਜਹਾਨ ਸਾਰਾ,
ਪੇਟ ਕਾਰਨੇ ਤਾਲ ਵਜਾਂਵਦਾ ਈ।
ਪੰਜ ਇੰਦ੍ਰੇ ਜਿਨ੍ਹਾਂ ਨੇ ਵੱਸ ਕੀਤੇ,
ਰਿਹਾ ਤਿਨ੍ਹਾਂ ਨੂੰ ਪੇਟ ਸਤਾਂਵਦਾ ਈ।
ਪੇਟ ਚੰਦਰਾ ਸੰਤ ਤਿਆਗੀਆਂ ਨੂੰ,
ਫੇਰ ਜਗਤ ਦੇ ਬੀਚ ਲਿਆਂਵਦਾ ਈ।
ਮਾਯਾ ਜਿਨ੍ਹਾਂ ਤਿਆਗੀਆਂ ਤਿਆਗ ਦਿੱਤੀ,
ਪੇਟ ਤਿਨ੍ਹਾਂ ਤੋਂ ਸਵਾਲ ਕਰਾਂਵਦਾ ਈ।
ਸਾਧੂ ਤਿਆਗਦੇ ਵਿਸ਼ੇ ਵਿਕਾਰ ਮਾਇਆ,
ਓਪਰ ਅੰਨ ਨਾ ਛੱਡਿਆ ਜਾਂਵਦਾ ਈ।
ਅੰਨ ਮੰਗੀਏ ਆਖਦੇ ਲੋਕ ਨੰਗੀ,
ਅੰਨ ਛੱਡੀਏ ਪ੍ਰਾਣ ਉਡਾਂਵਦਾ ਈ।
ਪੂਰਨ ਬ੍ਰਹਮ ਦੇ ਨਾਲ ਜੋ ਹੋਏ ਪੂਰਨ,
ਓਹਨਾਂ ਭੁੱਖ ਤ੍ਰੇਹ ਹੱਥ ਆਂਵਦਾ ਈ।
ਦੈਯਾ ਸਿੰਘ ਨਾ ਵੇਖਦਾ ਜਗਤ ਨੂੰ ਮੈਂ,
ਜੇਕਰ ਰੱਬ ਨਾ ਪੇਟ ਲਗਾਂਵਦਾ ਈ।



Namdhari Elibrary NamdhariElibrary@gmail.com

# ਨੇੜਿਓਂ ਡਿੱਠਾ— ਨਿੰਦਰ ਘੁਗਿਆਣਵੀ

—ਸਤਨਾਮ ਸਿੰਘ ਔਜਲਾ

ਨਿੰਦਰ ਘੁਗਿਆਣਵੀ ਦੀ ਮੇਰੀ ਪਹਿਲੀ ਮੁਲਾਕਾਤ ਲਗਭਗ ੨੦੦੧ ਦੇ ਨੇੜੇ ਤੇੜੇ ਹੋਈ। ਬੋਲਚਾਲ 'ਚ ਠੇਠਪਣ ਪਰ ਸਰਲਤਾ ਵੀ ਬੜੀ। ਚਾਲ ਢਾਲ 'ਚ ਪੂਰੀ ਮੁੰਡਿਆਂ ਵਾਲੀ ਤੇਜ਼ੀ। ਜਦੋਂ ਅਸੀਂ ਪਹਿਲੀ ਵਾਰੀ ਮਿਲੇ ਉਸ ਸਮੇਂ ਨਿੰਦਰ ਏ.ਬੀ.ਸੀ ਰੇਡੀਓ ਸਟੇਸ਼ਨ ਕਨੇਡਾ ਨਾਲ ਕੰਮ ਕਰਦਾ ਸੀ। ਉਸ ਸਮੇਂ ਹੀ ਇਹਨੇ 'ਜੱਜ ਦਾ ਅਰਦਲੀ' ਲਿਖੀ ਸੀ ਪਰ ਉਸ ਸਮੇਂ ਮੈਨੂੰ ਨਹੀਂ ਸੀ ਪਤਾ ਕੇ ਨਿੰਦਰ ਆਪ ਹੀ ਅਰਦਲੀ ਰਹਿ ਚੁੱਕਾ ਹੈ। ਮੈਂ ਕਿਤਾਬ ਇੱਕ ਸਾਹੇ ਪੜ੍ਹ ਗਿਆ। ਇਵੇਂ ਲਗਦਾ ਸੀ ਜਿਵੇਂ ਨਿੰਦਰ ਨੇ ਕਿਸੇ ਦੀ ਹੱਡ ਬੀਤੀ ਕਹਾਣੀ ਲਿਖੀ ਹੋਵੇ। ਸਮਾਂ ਆਪਣੀ ਤੋਰੇ ਤੁਰਦਾ ਗਿਆ। ਪਰ ਮੁਹੱਬਤ ਦੇ ਪਲ ਜਿਵੇਂ ਗੁਜ਼ਰਦੇ ਗਏ ਤਿਵੇਂ ਗੂੜ੍ਹੇ ਰੰਗ ਦੇ ਹੁੰਦੇ ਗਏ। ਕਦੀ ਕਦਾਈਂ ਯਾਦ ਦੇ ਪਲ ਮੇਰੇ ਨਾਲ ਹੀ ਗੁਜ਼ਰੇ ਉਠ ਖੜ੍ਹਦੇ। ਉਸ ਦਿਨ ਮੈਂ ਜ਼ਰੂਰ ਟੈਲੀਫੋਨ ਕਰਕੇ ਨਿੰਦਰ ਤੋਂ ਰਾਜ਼ੀ ਖੁਸ਼ੀ ਪੁਛਦਾ। ਕਦੀ ਕਦਾਈਂ ਉਹ ਮੈਨੂੰ ਟੈਲੀਫੋਨ ਤੇ ਟਾਲਣ ਦੀ ਕੋਸ਼ਿਸ਼ ਵੀ ਕਰਦਾ। ਸ਼ਾਇਦ ਉਹ ਲਿਖਣ ਵਿਚ ਖੁੱਭਿਆ ਹੁੰਦਾ ਹੋਵੇਗਾ। ਇਸ ਲਈ ਮੈਂ ਇਸ ਗੱਲ ਦਾ ਕਦੀ ਗਿਲਾ ਨਾ ਕਰਦਾ।

ਅਚਾਨਕ ਇੱਕ ਦਿਨ ਫੋਨ ਦੀ ਘੰਟੀ ਵੱਜੀ, "ਔਜਲਾ ਸਾਹਿਬ ਜੱਜ ਦਾ ਅਰਦਲੀ ਟੈਲੀ ਫ਼ਿਲਮ ਦੇਖੀ, ਦੇਖ ਕੇ ਮੈਨੂੰ ਦਸਿਓ ਕਿਸ ਤਰ੍ਹਾਂ ਦੀ ਫ਼ਿਲਮ ਲਗੀ।" ਲਿਆ ਕੇ ਵੇਖੀ, ਕਿਆ ਬਾਤ! ਹੁਣ ਮੈਂ ਅਸਲੀ ਨਿੰਦਰ ਬਨਾਮ ਅਰਦਲੀ ਨੂੰ ਪੈਰਾਂ ਤੋ ਸਿਰ ਤੱਕ ਜਾਣ ਲਿਆ ਸੀ। ਨਿੰਦਰ ਅੰਦਰ ਦਬੀ ਅੱਗ ਦਾ ਹਲਕਾ ਹਲਕਾ ਸੇਕ ਮੇਰੇ ਅੰਦਰ ਦੇ ਮਨੁਖ ਨੂੰ ਨਿੱਘ ਦੇ ਰਿਹਾ ਸੀ। ਮੈਨੂੰ ਇਂਜ ਲਗਦਾ ਸੀ ਕਿ ਨਿੰਦਰ ਦੀ ਰੂਹ ਮਨੁੱਖੀ ਕਦਰਾਂ ਕੀਮਤਾਂ ਲਈ ਪੂਰੀ ਦੀ ਪੂਰੀ ਹਿਤਾਇਤੀ ਹੈ।

"ਜੱਜ ਦਾ ਅਰਦਲੀ" ਅਸਲ ਹੰਢਾਈ ਹੋਈ ਜ਼ਿੰਦਗੀ ਦੀ ਹਕੀਕਤ ਭਰੀ ਦਾਸਤਾਂ ਹੈ। ਇਸ ਕਹਾਣੀ 'ਚ ਕਿਤੇ ਵੀ ਓਪਰਾਪਨ ਨਹੀਂ। ਨਿੰਦਰ ਨੇ ਜਿਵੇਂ ਦਰਦ ਹੰਢਾਇਆ ਹੈ ਉਵੇਂ ਉੱਕਰਿਆ ਹੈ। ਪੂਰੀ ਫ਼ਿਲਮ ਦਾ ਮੂਲ ਤੱਤ ਸਾਰ ਇਹੀ ਹੈ। ਨਿੰਦਰ ਦੀ ਠੇਠ ਪੇਂਡੂ ਬੋਲੀ ਅਤੇ ਮੁਹਾਵਰਿਆਂ ਤੇ ਪੂਰੀ ਕਮਾਂਡ ਹੈ। ਬੀਬੀ ਭਾਖਾ ਅੱਜ ਦੇ ਮਾਡਰਨ ਯੁੱਗ 'ਚੋਂ ਅਲੋਪ ਹੋ ਸ਼ਬਦ ਵਰਤਕੇ ਧੁੰਦਲੀ ਪੈਂਦੀ ਜਾ ਰਹੀ ਸਭਿਆਤਾ ਦੇ ਅਕਸ ਨੂੰ ਮੁੜ ਸੁਰਜੀਤ ਕੀਤਾ ਹੈ। ਜੱਥਲ ਦਾ ਜੱਜ ਦਾ ਅਤੇ ਨਿੰਦਰ ਦਾ ਅਰਦਲੀ ਦਾ ਰੋਲ ਸਾਡੀ ਅਫ਼ਸਰਸ਼ਾਹੀ ਵਿਚ ਉਣਤਾਈਆਂ ਅਤੇ ਕਰਮਚਾਰੀਆਂ ਪ੍ਰਤੀ ਘਟੀਆ ਵਤੀਰੇ ਨੂੰ ਉਘਾੜਦਾ ਸੱਚ ਹੈ। ਜੱਥਲ ਭਾਵੇਂ ਆਪਣੇ ਕਰਮਚਾਰੀ ਪ੍ਰਤੀ ਰਵੱਈਆ ਚਪੀਆ ਤਾਂ ਨਹੀਂ ਰੱਖਦਾ ਪਰ ਉਸ ਕੋਲ ਨਿੰਦਰ ਦੀ ਕਲਾ ਦਾ ਸਨਮਾਨ ਕਰਨ ਦਾ ਗੁਣ ਵੀ ਹੈ। ਫ਼ਿਲਮ 'ਚ ਗਾਲ੍ਹਾਂ ਆਮ ਵਰਤੀਆਂ ਹਨ ਪਰ ਉਹ ਕਿਤੇ ਵੀ ਕੌੜੀਆਂ ਨਹੀਂ ਲਗਦੀਆਂ ਕਿਉਂਕਿ ਉਨ੍ਹਾਂ ਨੂੰ ਸੁਭਾਵਿਕ ਰੂਪ ਦਿਤਾ ਗਿਆ ਹੈ। ਜੱਜਾਂ ਦੇ ਘਰ ਵਾਲੀਆਂ ਕਿਨਾ ਅਰਦਲੀਆਂ ਤੇ ਦਬਦਬਾ ਰੱਖਦੀਆਂ ਹਨ ਇਕ ਨੰਗਾ ਸੱਚ ਹੈ। ਅੰਤ ਉਨ੍ਹਾਂ ਦੇ ਦਬਾਅ ਅਗੇ ਲੇਖਕ ਨਿੰਦਰ ਦੀ ਕਲਮ ਹਾਰੀ ਨਹੀਂ। ਉਹਨੇ ਦੱਸ ਦਿਤਾ ਕਿ ਅਜ਼ਾਦ ਪੰਛੀਆਂ ਦੇ ਆਲ੍ਹਣੇ ਰੁੱਖਾਂ ਤੇ ਨਹੀਂ ਹੁੰਦੇ, ਅਕਾਸ਼ ਚ ਹੁੰਦੇ ਹਨ। ਉਨ੍ਹਾਂ ਦੀ ਉਡਾਰੀ ਬੁਲੰਦ ਹੁੰਦੀ ਹੈ। ਉਨ੍ਹਾਂ ਦੀ ਪਰਵਾਜ਼ ਬਹੁਤ ਲੰਮੀ, ਬਹੁਤ ਲੰਮੀ ਹੁੰਦੀ ਹੈ। ਉਨ੍ਹਾਂ ਦੀ ਉਡਾਰੀ ਕਿਸੇ ਅਫ਼ਸਰਸ਼ਾਹੀ ਦੀ ਮੁਥਾਜ ਨਹੀਂ ਹੁੰਦੀ।

ਕੁਝ ਕੁ ਦਿਨ ਪਹਿਲਾਂ ਮੈਂ ਨਿੰਦਰ ਨੂੰ ਆਪਣੇ ਦਰ ਦੀ ਦਹਿਲੀਜ਼ ਤੇ ਅਚਾਨਕ ਦੇਖ ਕੇ ਹੈਰਾਨ ਹੋ ਗਿਆ। ਮੇਰਾ ਜੀ ਕਰਦਾ ਸੀ ਮੈਂ ਨਿੰਦਰ ਦੇ ਪੈਰਾਂ ਦੀ ਮਿੱਟੀ ਨੂੰ ਚੁੰਮ ਲਵਾਂ ਪਰ ਮੇਰੇ ਘਰ ਦੀ ਦਹਿਲੀਜ਼ ਏਨੀ ਖੁਸ਼ ਵਿਸਮਾਦ ਨਿਕਲੀ ਉਹਨੇ ਨਿੰਦਰ ਦੇ ਪੈਰਾਂ ਦੀ ਮਿੱਟੀ ਨੂੰ ਆਪਣੀ ਹਿੱਕ ਨਾਲ ਮੇਰੇ ਤੋਂ ਪਹਿਲਾਂ ਹੀ ਲਾ ਲਈ। ਮੇਰੇ ਘਰ ਅੰਦਰ ਵਿਆਹ ਵਰਗਾ ਮਹੌਲ ਹੋ ਗਿਆ। ਔਂਧੇ ਘੰਟੇ ਬਾਅਦ ਸਤਿੰਦਰ ਕੌਰ ਅਤੇ ਜੱਥਲ ਸਾਹਿਬ ਆਣ ਟਪਕੇ। ਫਿਰ ਕੀ ਸੀ ਸ਼ਹਿਰ ਤੇ ਨਿਕਲੀ ਪੁਰਾਣੀ ਯਾਦ ਹਸਤੇ ਚੋ ਘਰ ਫਿਰ ਪਰਤ ਆਈ। ਕਿਉਂਕਿ ਜੱਥਲ ਸਾਹਿਬ ਪਹਿਲਾਂ ਵੀ ਖ਼ੁੱਬੀ ਨਾਲ ਇਸੇ ਘਰ ਸ਼ੂਟਿੰਗ ਕਰਕੇ ਗਏ ਸਨ। ਪੁਰਾਣੀਆਂ ਯਾਦਾਂ ਵਿਚ ਅਸੀਂ ਫਿਰ ਗੁਆਚ ਗਏ। ਅੱਜ ਫਿਰ ਸਾਰੇ ਸੱਜਣ ਸ਼ੂਟਿੰਗ ਵਾਸਤੇ ਆਏ ਸਨ ਜੋ ਸਾਡੇ ਘਰ ਹੀ ਕੀਤੀ ਜਾਣੀ ਸੀ। ਇਹ ਫ਼ਿਲਮ ਮੇਰੀ ਭਤੀਜੀ ਦਲਜੀਤ ਸੇਖੂ ਬਣਾ ਰਹੀ ਸੀ।

ਅੱਜ ਮੈਂ ਨਿੰਦਰ ਘੁਗਿਆਣਵੀ ਨੂੰ ਵਿਸ਼ਵ ਦੇ ਵਿਯੋਗੇ ਗੂੰਗੇ ਕਲਾਕਾਰ ਚਾਰਲੀ ਦੇ ਰੂਪ ਚ ਵੇਖ ਰਿਹਾ ਸੀ। ਫਰਕ ਇਹ ਸੀ ਨਿੰਦਰ ਬੋਲਕੇ ਪ੍ਰਦਰਸ਼ਨ ਕਰਦਾ ਸੀ ਪਰ ਚਾਰਲੀ ਨੇ ਗੂੰਗੇ ਐਕਸ਼ਨ ਹੀ ਕੀਤੇ ਹਨ। ਪਰ ਵੇਸ ਪਹਿਰਾਵਾ ਮਿਲਦਾ ਜੁਲਦਾ ਕਰ ਲਿਆ। ਅੱਜ ਦੇ ਤਨਾਅ ਭਰੇ ਮਹੌਲ ਚ ਮਨੁੱਖ ਨੂੰ ਰਾਹਤ ਦੇਣ ਦਾ ਇਹ ਉਪਰਾਲਾ ਮਾਨਵਤਾ ਲਈ ਇੱਕ ਪੁੰਨ ਕਰਨ ਵਰਗਾ ਹੈ। ਟੱਬਰ ਬੇਖਾਰਿਲੀਆਂ ਦਾ ਵਿਚ ਨਿੰਦਰ ਨੇ ਹੋਰ ਔਖੇ ਕਪਣ ਦਾ ਹੰਭਲਾ ਮਾਰਿਆ ਹੈ। ਇਹ ਨੌਜੁਆਨ ਆਪਣੀ ਕਲਾ ਨੂੰ ਹੋਰ ਉਚਾ ਕਰੇ ਤੇ ਇਹ ਨਿੰਦਰ ਸੱਚਮੁਚ ਵਿਚ ਹੀ ਲੇਹਿੰਦੇ ਪੰਜਾਬ (ਪਾਕਿ) ਅਤੇ ਚੜ੍ਹਦੇ ਪੰਜਾਬ ਦਾ ਚਾਰਲੀ ਬਣੇ। ਰੱਬ ਸਾਡੀ ਦੁਆ ਮਨਜ਼ੂਰ ਕਰੇ। ਮੇਰੀ ਇਹੀ ਦਿਲੀ ਕਾਮਨਾ ਹੈ।

ਰੌਂਧੇਰ, ਨੇੜੇ ਨਕਦੌਰ
ਜਲੰਧਰ।



Namdhari Elibrary NamdhariElibrary@gmail.com

*The Right Choice........*

# Mapco®

All kinds of Bicycle Sheet Metal Components



# MAPCO INDUSTRIES

575-76 Industrial Area - B, G.T. Road Ludhiana-141003

Ph. 2530831, 2533962, Fax : 2530832

E.Mail : mapco@mapcoindia.com Website. mapcoindia.com



Namdhari Elibrary NamdhariElibrary@gmail.com

# ਆਖ਼ਰੀ ਸਾਹ !

*—ਡੀ ਆਰ. ਧਵਨ*

ਅਸੀਂ ਪੰਜ ਸੱਤ ਸਾਥੀ ਪਾਕਿਸਤਾਨ ਦੀਆਂ ਸੜਕਾਂ ਤੇ ਘੁੰਮ ਰਹੇ ਸਾਂ, ਲਾਹੌਰ ਦੇ ਨਜ਼ਾਰੇ ਵੇਖ ਰਹੇ ਸਾਂ। ਕਈ ਸਦੀਆਂ ਪੁਰਾਣੀਆਂ ਸ਼ਾਹੀ ਇਮਾਰਤਾਂ ਅੱਜ ਵੀ ਮੂੰਹੋਂ ਬੋਲ ਰਹੀਆਂ ਸਨ, ਅਪਣੀ ਅਪਣੀ ਕਹਾਣੀ। ਧੁੱਪ ਵੀ ਕਾਫ਼ੀ ਰੰਗ ਵਿਖਾ ਰਹੀ ਸੀ। ਅਸੀ ਇਕ ਦਰਖ਼ਤ ਹੇਠਾਂ ਖੜ੍ਹੇ ਕੁਲਫ਼ੀ ਵਾਲੇ ਕੋਲੋਂ ਕੁਲਫ਼ੀ ਖਾਣ ਲਈ ਰੁਕ ਗਏ। ਉਸੇ ਦਰਖ਼ਤ ਹੇਠ ਬੈਠੇ ਇਕ ਬਜ਼ੁਰਗ ਨੇ ਭਾਂਪ ਲਿਆ ਕਿ ਹਿੰਦੋਸਤਾਨ ਤੋਂ ਆਏ ਨੇ। ਉਹ ਬਜ਼ੁਰਗ ਕਹਿਣ ਲੱਗਾ, "ਸਰਦਾਰ ਜੀ! ਤੁਹਾਡੇ ਵਿਚੋਂ ਜਲੰਧਰ ਸ਼ਹਿਰ ਤੋਂ ਵੀ ਕੋਈ ਆਇਆ ਜੇ" ਮੈਂ ਜਵਾਬ ਦਿੱਤਾ. "ਬਾਬਾ ਖਾਨ, ਅਸੀਂ ਪੰਜ ਬੰਦੇ ਬਠਿੰਡਾ ਤੋਂ ਔਰ ਦੋ ਜਲੰਧਰ ਤੋਂ ਆਏ ਹਾਂ।" ਸਾਡੀ ਇਹ ਗੱਲ ਸੁਣ ਬਜ਼ੁਰਗ ਦੇ ਚਿਹਰੇ ਤੇ ਨੂਰ ਆ ਗਿਆ, ਉਸ ਨੂੰ ਸ਼ਾਇਦ ਜਾਪਿਆ ਹੋਵੇ ਕਿ ਉਹ ਝੱਟ ਖਿਆਲਾਂ ਵਿਚ ਜਲੰਧਰ ਪੁੱਜ ਗਿਆ ਹੈ।

ਉਹ ਬਜ਼ੁਰਗ ਆਪ ਮੁਹਾਰੇ ਹੀ ਗੱਲਾਂ ਕਰਨ ਲੱਗ ਪਿਆ- "ਓ ਸੱਜਿਓ। ਉਹ ਵੀ ਦਿਨ ਸਨ, ਜਦੋਂ ਅਸੀ ਹਿੰਦੂ ਸਿੱਖ ਮੁਸਲਮਾਨ ਭਰਾਵਾਂ ਵਾਂਗ ਰਿਹਾ ਕਰਦੇ ਸਾਂ। ਪਤਾ ਨਹੀ ਕਿਹੋ ਜਿਹਾ ਇਕ ਮਨਹੂਸ ਸੂਰਜ ਚੜ੍ਹਿਆ, ਜਿਹਦਾ ਇਹੋ ਜਿਹੀ ਨਫ਼ਰਤ ਦੀ ਧੁੱਪ ਵਾਲਾ ਸੀ, ਕਿ ਦੁਬਾਰਾ ਅਸਤ ਹੀ ਨਹੀਂ ਹੋਇਆ।" ਅਸੀਂ ਬਜ਼ੁਰਗ ਨੂੰ ਪੁੱਛਿਆ, "ਖਾਨ ਬਾਬਾ ਤੁਸੀਂ ਕਿਹੜੇ ਪਾਸੇ ਜਲੰਧਰ ਰਹਿੰਦੇ ਸਓ ?"

"ਸਾਡੀ ਦੁਕਾਨ ਸੀ ਸਰਾਫ਼ਾਂ ਬਾਜ਼ਾਰ ਵਿਚ ਮਾਰਾਜ, ਬੜਾ ਕੰਮ ਸੀ, ਉਸ ਤੋਂ ਪ੍ਰੇਮ ਸੀ ਸਾਡਾ ਸਾਰਿਆਂ ਦਾ ਆਪਸ ਵਿਚ। ਬੱਸ ਜੀ, ਐਹ ਇਕ ਚੰਦਰੀ ਨਫ਼ਰਤ ਦੀ ਹਵਾ ਨੇ ਐਸਾ ਧੂੰਆਂ ਛੇੜਿਆ ਅਸੀਂ ਅੱਜ ਤੱਕ ਤੀਲਾ-ਤੀਲਾ ਹੋਏ ਆਲ੍ਹਣਿਆਂ ਦੇ ਕੱਖ ਇਕੱਠੇ ਕਰ ਰਹੇ ਹਾਂ।" ਬਜ਼ੁਰਗ ਹਉਕਾ ਜਿਹਾ ਭਰ ਕੇ ਚੁੱਪ ਕਰ ਗਿਆ। "ਤੁਹਾਡੇ ਵਾਕਿਫ਼ ਕੌਣ ਕੌਣ ਸਨ ਬਾਬਾ ਉਥੇ ? ਸਾਡਾ ਘਰ ਉਸੇ ਬਾਜ਼ਾਰ ਵਿਚ ਹੈ। ਮੈਂ ਉਸਨੂੰ ਦੱਸਿਆ ਤਾਂ ਉਹ ਖੁਸ਼ੀ ਭਰੇ ਲਹਿਜੇ ਵਿਚ ਲੱਗਾ ਆਪਣੇ ਪੁਰਾਣੇ ਵਕਤਾਂ ਦਾ ਜ਼ਿਕਰ [illegible]

"... ਸਰਦਾਰ ਜੀ! ਸਾਡੇ ਬਾਜ਼ਾਰ 'ਚ ਮੋਹਣਾ ਸਰਾਫ਼ ਹੁੰਦਾ ਸੀ, ਬੜਾ ਦਿਲਦਾਰ-ਯਾਰਾਂ ਦਾ ਯਾਰ ਬੰਦਾ ਸੀ। ਪੱਕਾ ਅਰਬ, ਕਈ ਕੰਮ ਜਾਣਦਾ ਸੀ, ਕਰਦਾ ਕੋਈ ਵੀ ਨਹੀਂ ਸੀ। ਬੱਸ ਜਨਾਨੀਆਂ ਨਾਲ ਹੀ ਗੱਲਾਂ ਕਰਨ ਦਾ ਠਰਕੀ ਸੀ।" ਬਜ਼ੁਰਗ ਦੀ ਗੱਲ ਟੋਕ ਕੇ ਮੈਂ ਕਿਹਾ, "ਬਾਬਾ ਖਾਨ, ਮੈਂ ਉਸੇ ਮੋਹਣੇ ਸਰਾਫ਼ ਦਾ ਪੁਤਰ ਹਾਂ, ਤੇਰੇ ਮਿੱਤਰ ਦਾ।" ਇਹ ਗੱਲ ਸੁਣਕੇ ਹੀ ਬਜ਼ੁਰਗ ਨੇ ਉਠਕੇ ਮੈਨੂੰ ਕਲਾਵੇ 'ਚ ਲੈ ਲਿਆ। ਆਖਣ ਲੱਗਾ ,"ਪਹਿਲਾਂ ਦੱਸ ਪਈ ਉਹ ਹਾਲੇ ਹੈ ਜਾਂ ਕਿ.. ।"

ਉਸ ਦੀ ਗੱਲ ਮੂੰਹ ਵਿਚੋਂ ਹੀ ਖੋਹ ਕੇ ਮੈਂ ਪਹਿਲਾਂ ਹੀ ਆਖਿਆ, "ਖ਼ਾਨ ਬਾਬਾ! ਪਿਤਾ ਜੀ ਪਿਛਲੇ ਮਹੀਨੇ ਹੀ ਅੱਲਾ ਨੂੰ ਪਿਆਰੇ ਹੋਏ ਨੇ।" ਮੇਰੀ ਗੱਲ ਸੁਣ ਉਸ ਬਜ਼ੁਰਗ ਨੂੰ ਜਿਵੇਂ ਬਹੁਤ ਭਾਰੀ ਕੋਈ ਚੀਜ਼ ਖੁਸ ਜਾਣ ਦਾ ਸਦਮਾ ਲੱਗਾ ਹੋਵੇ। ਉਹ ਘਬਰਾਕੇ ਕਹਿਣ ਲੱਗਾ, "ਹੈਂ ਮੋਹਣਾ ਅੱਲ੍ਹਾ ਨੂੰ ਪਿਆਰਾ ਹੋ ਗਿਆ ?" ਅਗਲੇ ਲਫ਼ਜ਼ ਉਸ ਦੇ ਮੂੰਹ ਵਿਚ ਹੀ ਰਹਿ ਗਏ ਤੇ ਉਸ ਨੇ ਚੈਨ ਦੀ ਸਾਹ ਲਿਆ ਤੇ ਉਹ ਮੇਰੀਆਂ ਬਾਹਾਂ ਵਿਚ ਹੀ ਝੂਲ ਗਿਆ।

ਮੈਂ ਸੋਚ ਰਿਹਾ ਸਾਂ ਕਿ ਮੇਰੇ ਪਿਓ ਦੇ ਦੋਸਤ ਦੇ ਆਖਰੀ ਸਾਹ ਵੀ ਮੇਰੇ ਹੱਥਾਂ ਵਿਚ ਹੀ ਜਾਣੇ ਸਨ। ਵਾਹ ਰੱਬਾ, ਤੇਰੀ ਕੁਦਰਤ! ਨਾ ਸਾਨੂੰ ਉਸਦੇ ਬਾਰੇ ਕੁਝ ਥੋਹ-ਪਤਾ ਹੈ ਤੇ ਨਾ ਉਸਨੂੰ ਸਾਡੇ ਬਾਰੇ ਕੋਈ ਵਾਕਫ਼ੀਅਤ ਸੀ ।

## ਜ਼ਿਆਰਤ

ਗੁਰਪੁਰਬ ਦੇ ਸੰਬੰਧ 'ਚ ਭਾਰਤ ਚੋਂ ਸ਼ਰਧਾਲੂਆਂ ਦਾ ਜਿਹੜਾ ਜਥਾ ਪਾਕਿਸਤਾਨ ਗਿਆ ਹੋਇਆ ਸੀ, ਉਹ ਲਾਹੌਰ ਤੋਂ ਗੁਰਦੁਆਰਾ ਪੰਜਾ ਸਾਹਿਬ ਪਹੁੰਚ ਚੁੱਕਾ ਸੀ। ਰਾਤ ਦੀ ਥਕਾਵਟ ਦੂਰ ਕਰਨ ਸਵੇਰੇ ਸਵੇਰੇ ਸੰਗਤਾਂ ਗੁਰਦੁਆਰਾ ਸਾਹਿਬ ਦੇ ਹੇਠਾਂ ਬਣੇ ਤਲਾਅ ਵਿੱਚ ਇਸ਼ਨਾਨ ਦਾ ਅਨੰਦ ਲੈ ਰਹੀਆਂ ਸਨ। ਕੁੱਝ ਲੋਕ ਨੇੜੇ ਦੀ ਉੱਚੀ ਪਹਾੜੀ ਉੱਪਰ ਬਣੀ ਵਲੀ ਕੰਧਾਰੀ ਦੀ ਦਰਗਾਹ ਤੇ ਜ਼ਿਆਰਤ ਕਰਨ ਲਈ ਤੁਰ ਗਏ ਸਨ। ਮੈਨੂੰ ਸਾਥੀਆਂ ਨੇ ਬੰਦ ਕਰ ਦਿੱਤਾ ਜਾਣ ਤੋਂ ਕਿ ਤੁਹਾਡੀ ਸਿਹਤ ਨਹੀਂ ਦਰੁਸਤ । ਉੱਪਰ ਪਹਾੜੀ ਉੱਚੀ ਹੈ ਤੇ ਰਸਤਾ ਵੀ ਖੁਸ਼ਕ ਮਾਹੌਲ ਵਾਲਾ ਹੈ, ਰਸਤੇ 'ਚ ਕੋਈ ਦਰਖ਼ਤ ਵਗੈਰਾ ਵੀ ਨਹੀਂ, ਬੱਸ ਰੁੰਡ ਮੁੰਡ ਪਹਾੜ ਹੈ। ਮੇਰੇ ਛੇ ਸਾਥੀ ਪਹਾੜੀ ਚੜ੍ਹੇ ਸਨ ਤੇ ਮੈਂ ਵਾਪਸ ਆ ਕੇ ਨਹਾ ਕੇ ਕੱਪੜੇ ਪਾ ਕੇ ਬਾਜ਼ਾਰ ਘੁੰਮਣ ਚਲਾ ਗਿਆ। ਥੋੜ੍ਹੀ ਦੇਰ ਬਾਅਦ ਰੌਲਾ ਪੈ ਗਿਆ ਕਿ ਜਲੰਧਰ ਵਾਲੇ ਜਥੇ ਦਾ ਇਕ ਸ਼ਰਧਾਲੂ ਆਪਣੀ ਅੰਤਿਮ ਯਾਤਰਾ ਇੱਥੇ ਹੀ ਪੂਰੀ ਕਰ ਗਿਆ ਹੈ। ਕਰਮਾਂ ਵਾਲਾ ਹੈ, ਰੱਬ ਦੇ ਘਰ ਸੁਆਸ ਪੂਰੇ ਹੋਏ, ਹਾਰਟ



Namdhari Elibrary NamdhariElibrary@gmail.com

ਅਟੈਕ ਹੋਇਆ ਹੋਣੈ। ਤਰ੍ਹਾਂ ਤਰ੍ਹਾਂ ਦੇ ਮੂੰਹ ਤਰ੍ਹਾਂ ਤਰ੍ਹਾਂ ਦੀਆਂ ਕਿਆਸ ਅਰਾਈਆਂ ਲਾ ਰਹੇ ਸਨ ਲੋਕ। ਕੋਈ ਆਖਦਾ ਵੇਖੋ ਜੀ, ਏਨੀ ਉੱਚੀ ਪਹਾੜੀ ਉਪਰ ਚੜ੍ਹਨਾ ਕਿਹੜਾ ਸੌਖਾ ਏ, ਫਿਰ ਇਹੋ ਜਿਹੀ ਭੜਕਦੀ ਧੁੱਪ ਵਿਚ। ਏਨੀ ਉਚੀ ਰੁੰਡ ਮੁੰਡ ਖੁਸ਼ਕ ਪਹਾੜੀ ਦਾ ਦੋ ਢਾਈ ਕਿਲੋਮੀਟਰ ਸਫ਼ਰ ਪੈਦਲ ਕਰਨਾ ਕੋਈ ਖ਼ਾਲਾ ਜੀ ਦਾ ਘਰ ਤੇ ਨਹੀਂ। ਨਾਲੇ ਉਮਰ ਵੀ ੬੦ ਦੇ ਨੇੜੇ ਤੇੜੇ ਸੀ ਬੁਢਾ ਸਰੀਰ ਵਿਚਾਰਾ।

ਏਧਰ ਤਲਾਅ ਵਿਚ ਇਸ਼ਨਾਨ ਕਰ ਰਹੇ ਸਾਡੇ ਸਾਥੀ ਮਾਸਟਰ ਗੁਰਦੇਵ ਦੇ ਕੰਨੀਂ ਇਹ ਗੱਲਾਂ ਟਕਰਾਈਆਂ ਤਾਂ ਉਸ ਨੂੰ ਹੱਥਾਂ ਪੈਰਾਂ ਦੀਆਂ ਪੈ ਗਈਆਂ। ਜਲੰਧਰ ਦਾ ਬੰਦਾ ਸੁਣ ਕੇ ਤੇ ਲੋਕਾਂ ਕੋਲੋਂ ਹੁਲੀਆ ਪੁੱਛ ਕੇ ਗੁਰਦੇਵ ਨੂੰ ਲੱਗਾ ਕਿ ਬਸ ਸਾਡੇ ਜਥੇ ਦਾ "ਧਵਨ" ਚੱਲ ਵਸਿਆ। ਵਿਚਾਰਾ ਸਿਹਤ ਵੀ ਥੋੜ੍ਹਾ ਢਿੱਲਾ-ਮੱਠਾ ਜਿਹਾ । ਗੁਰਦੇਵ ਕੱਪੜੇ ਪਾ ਕੇ ਵਟਾਵਟ ਉਪਰ ਵੱਲ ਤੁਰ ਪਿਆ, ਪਰ ਉਹਦੇ ਦਿਲੋ ਦਿਮਾਗ ਤੇ ਮੈਂ ਹੀ ਛਾਇਆ ਹੋਇਆ ਸੀ, ਬੱਸ "ਧਵਨ" ਗਿਆ। ਗੁਰਦੇਵ ਵਲੀ ਕੰਧਾਰੀ ਦੀ ਦਰਗਾਹ ਵੱਲ ਤੇਜ਼ ਤੇਜ਼ ਜਾ ਰਿਹਾ ਸੀ ਕਿ ਕਿਸੇ ਨੇ ਕਿਹਾ ਇਹ ਬੰਦਾ ਭਾਰਗੋ ਕੈਂਪ ਜਲੰਧਰ ਦਾ ਸੀ, ਜਿਹੜਾ ਜ਼ਿਆਰਤ ਕਰਨ ਲਈ ਪਹਾੜੀ ਤੇ ਗਿਆ ਸੀ। ਇਹ ਗੱਲ ਪੰਜਾ ਸਾਹਿਬ ਦੇ ਕਿਸੇ ਬਾਸ਼ਿੰਦੇ ਨੇ ਬਾਇਦ ਆਖੀ।

ਦੱਸਦੇ ਨੇ ਜ਼ਿਆਰਤ ਵੱਲ ਜਾਂਦੇ ਵਿਚਾਰੇ ਦਾ ਪੈਰ ਉਖੜਿਆ ਤਾਂ ਉਹ ਸਿੱਧਾ ਸਪਾਲ ਡਿੱਗ ਪਿਆ। ਡਿਗਦੇ ਸਾਰ ਹੀ ਉਸਦੇ ਮੱਥੇ ਵਿਚ ਹੇਠਾਂ ਪਿਆ ਇੱਕ ਪੱਥਰ ਵੱਜਾ ਤੇ ਉਥੇ ਹੀ ਅੱਲ੍ਹਾ ਨੂੰ ਪਿਆਰਾ ਹੋ ਗਿਆ ਅਤੇ ਜ਼ਿਆਰਤ ਅਧੂਰੀ ਛੱਡ ਕੇ ਉਸਦੇ ਪ੍ਰਾਣ ਪੰਖੇਰੂ ਹੋ ਗਏ। ਇਹ ਗੱਲਾਂ ਸੁਣਦਾ ਹੋਇਆ ਗੁਰਦੇਵ ਅੱਗੇ ਵਧਦਾ ਗਿਆ। ਏਨੇ ਚ ਸਾਹਮਣਿਉਂ ਪਹਾੜੀ ਵਲੋਂ ਉਸਨੂੰ ਤਿੰਨ ਚਾਰ ਪੁਲਿਸ ਵਾਲੇ ਲਾਸ਼ ਲੈ ਕੇ ਆਉਂਦੇ ਮਿਲ ਗਏ। ਲਾਸ਼ ਦੂਰੋਂ ਵੇਖ ਕੇ ਉਹਦਾ ਦਿਲ ਹੋਰ ਵੀ ਤੇਜ਼ ਧੜਕਣ ਲੱਗਾ, ਕਿਉਂਕਿ ਲਾਸ਼ ਦਾ ਆਕਾਰ ਵੀ ਧਵਨ ਜਿਹਾ ਤੇ ਜੁੱਸਾ ਵੀ ਰਲਦਾ ਮਿਲਦਾ ਸੀ। ਗੁਰਦੇਵ ਨੇ ਜਿਉਂ ਹੀ ਪੁਲਿਸ ਵਾਲਿਆਂ ਨੂੰ ਰੋਕ ਕੇ ਲਾਸ਼ ਵੇਖਣ ਲਈ ਉਸਦੇ ਮੂੰਹ ਤੋਂ ਕੱਪੜਾ ਹਟਾਉਣ ਲਈ ਹੱਥ ਵਧਾਇਆ ਤਾਂ ਕਪੜੇ ਤੱਕ ਹੱਥ ਪਹੁੰਚਣ ਤੋਂ ਪਹਿਲਾਂ ਹੀ ਧਵਨ ਦੀ ਆਵਾਜ਼ ਉਸ ਦੇ ਕੰਨਾਂ ਨਾਲ ਆ ਟਕਰਾਈ।

ਓ ਯਾਰ। ਗੁਰਦੇਵ ਸਿੰਘ ਜੀ, ਇਹ ਬੰਦਾ ਤਾ ਆਪਣੇ ਗਰੁੱਪ ਵਿਚੋਂ ਹੀ ਹੈ, ਲੇਕਿਨ ਵਾਕਿਫ਼ ਨਹੀਂ ਹੈ। ਵਲੀ ਕੰਧਾਰੀ ਦੀ ਦਰਗਾਹ ਤੇ ਜ਼ਿਆਰਤ ਕਰਨ ਚੱਲਿਆ ਸੀ ਵਿਚਾਰਾ" ਜਿਉਂ ਹੀ ਧਵਨ ਦੇ ਇਹ ਬੋਲ ਗੁਰਦੇਵ ਦੇ ਕੰਨੀ ਪਏ ਤਾਂ ਉਸ ਦੇ ਹੱਥ ਲਾਸ਼ ਦੇ ਮੂੰਹ ਤੋਂ ਕਪੜਾ ਹਟਾਉਣੋਂ ਪਹਿਲਾਂ ਹੀ ਰੁਕ ਗਏ।

# ਸ. ਰਛਪਾਲ ਸਿੰਘ ਪਾਲ

ਸ. ਰਛਪਾਲ ਸਿੰਘ ਪਾਲ ਨੂੰ ਪੰਜਾਬ ਸਰਕਾਰ ਵਲੋਂ ਸਥਾਨਕ ਸਰਕਾਰਾਂ ਦੇ ਮਹਿਕਮਾ Local Bodies Department Punjab ਦਾ ਮੀਡੀਆ ਐਡਵਾਈਜ਼ਰ ਨਿਯੁਕਤ ਕੀਤਾ ਗਿਆ ਹੈ। ਪੰਜਾਬ ਦੇ ਮੁਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਸਥਾਨਕ ਸਰਕਾਰਾਂ ਦੇ ਮੰਤਰੀ ਚੌਧਰੀ ਜਗਜੀਤ ਸਿੰਘ ਨੇ ਪਾਲ ਜੀ ਦੀਆਂ ਸੇਵਾਵਾਂ ਨੂੰ ਮੁਖ ਰਖਦਿਆਂ ਇਹ ਨਿਯੁਕਤੀ ਕੀਤੀ ਹੈ। ਕਮਿਸ਼ਨਰ ਕਾਰਪੋਰੇਸ਼ਨ ਦੇ ਰੈਂਕ ਵਿਚ ਜਲੰਧਰ ਕਾਰਪੋਰੇਸ਼ਨ ਵਿਚ ਦਫਤਰ ਅਤੇ ਹੋਰ ਸਭ ਸਰਕਾਰੀ ਸਹੂਲਤਾਂ ਪ੍ਰਦਾਨ ਕੀਤੀਆਂ ਹਨ। ਸ. ਪਾਲ ਜਿਥੇ ਰਾਜਸੀ ਤੌਰ ਤੇ ਕਾਂਗਰਸ ਪਾਰਟੀ ਦੇ ਸਰਗਰਮ ਮੈਂਬਰ ਹਨ ਉਥੇ ਇਕ ਚੰਗੇ ਕਲਾਕਾਰ ਵੀ ਹਨ। ਆਪਣੀ ਸੁਰੀਲੀ ਦਮਦਾਰ ਆਵਾਜ਼ ਅਤੇ ਵਧੀਆ ਅਦਾਇਗੀ ਵਾਲੀ ਗਾਇਕੀ ਕਰਕੇ ਉਹ ਪੰਜਾਬ ਦਾ ਮੁਹੰਮਦ ਰਫੀ ਉਪਨਾਮ ਨਾਲ ਵੀ ਪ੍ਰਸਿਧ ਹਨ। ਪੰਜਾਬ ਕਾਂਗਰਸ ਦੇ ਵਡੇ ਜਲਸਿਆਂ, ਮੁਖ ਮੰਤਰੀਆਂ ਅਤੇ ਪ੍ਰਧਾਨ ਮੰਤਰੀਆਂ ਦੇ ਜਲਸਿਆਂ ਵਿਚ ਵੀ ਉਹ ਆਪਣੀ ਗਾਇਕੀ ਨਾਲ ਪਬਲਿਕ ਨੂੰ ਖਿਚ ਲੈਂਦੇ ਹਨ। ਕਿਸੇ ਸਮੇਂ ਉਹ ਗਿਆਨੀ ਜ਼ੈਲ ਸਿੰਘ ਦੇ ਅਤਿਨਿਕਟ ਸਹਿਯੋਗੀ ਰਹੇ ਹਨ। ਉਹ ਵਿਦੇਸ਼ਾਂ ਵਿਚ ਵੀ ਕਈ ਵਾਰ ਭ੍ਰਮਣ ਕਰ ਚੁੱਕੇ ਹਨ। ਨਾਮਧਾਰੀ ਪਿਛੋਕੜ ਵਾਲੇ ਸੈਂਗਲ ਪਰਿਵਾਰ ਦੇ ਅਹਿਮ ਰੁਕਨ ਰਛਪਾਲ ਸਿੰਘ ਪਾਲ ਮਿਲਣਸਾਰ ਅਤੇ ਨਿਰਮਾਣ ਵਿਅਕਤੀ ਹਨ।

## ਹਿੰਮਤ

ਜੇਕਰ ਹਿੰਮਤ ਕਰਨ ਤੇ ਵੀ ਧਨ ਦੌਲਤ ਪ੍ਰਾਪਤ ਨਾ ਹੋਵੇ ਤਾਂ ਨਿਰਾਸ਼ ਨਹੀਂ ਹੋਣ ਚਾਹੀਦਾ ਅਤੇ ਨਾ ਹੀ ਆਪਣੇ ਆਪ ਨੂੰ ਬਦਕਿਸਮਤ ਸਮਝਣਾ ਚਾਹੀਦਾ ਹੈ। ਮਨੁੱਖ ਨੂੰ ਅੰਤਮ ਸਾਹ ਤੱਕ ਉੱਨਤੀ ਲਈ ਯਤਨਸ਼ੀਲ ਰਹਿਣਾ ਚਾਹੀਦਾ ਹੈ ਅਤੇ ਖੁਸ਼ਹਾਲੀ ਨੂੰ ਕਦੇ ਵੀ ਦੁਰਲੱਭ ਨਹੀਂ ਸਮਝਣਾ ਚਾਹੀਦਾ।

*—ਮਨੂ ਸਿਮ੍ਰਿਤੀ*

ਹਿੰਮਤੀ ਨੂੰ ਕਿਸੇ ਚੀਜ਼ ਦਾ ਭਾਰ ਨਹੀਂ ਲਗਦਾ ਅਤੇ ਉਨ੍ਹਾਂ ਲਈ ਕੋਈ ਥਾਂ ਦੂਰ ਨਹੀਂ ਹੁੰਦੀ, ਵਿਦਵਾਨਾਂ ਲਈ ਕੋਈ ਦੇਸ ਪਰਦੇਸ ਨਹੀਂ ਹੁੰਦਾ ਤੇ ਮਿੱਠ ਬੋਲੜੇ ਦਾ ਕੋਈ ਦੁਸ਼ਮਣ ਨਹੀਂ ਹੁੰਦਾ।

*—ਚਾਣਕਯ ਨੀਤੀ*



Namdhari Elibrary NamdhariElibrary@gmail.com

## ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਜਲੰਧਰ 'ਚ ਵਿਸ਼ਾਲ ਰੋਸ ਮਾਰਚ ਕਰਨ ਦਾ ਫ਼ੈਸਲਾ

ਪੰਜਾਬੀ ਭਾਸ਼ਾ ਦਾ ਮਸਲਾ ਨਿਰੋਲ ਲੇਖਕਾਂ ਦਾ ਮਸਲਾ ਨਹੀਂ ਹੈ। ਇਹ ਸਮੁੱਚੇ ਪੰਜਾਬੀ ਅਤੇ ਉਨ੍ਹਾਂ ਦੀ ਹੋਂਦ ਦਾ ਮਸਲਾ ਹੈ। ਪੰਜਾਬੀ ਕੌਮੀਅਤ ਦੇ ਸਵਾਲ ਨੂੰ ਭਾਸ਼ਾ ਰਾਹੀਂ ਸਮਝਿਆ ਜਾ ਸਕਦਾ ਹੈ। ਸਾਮਰਾਜਵਾਦ, ਬਾਜ਼ਾਰਵਾਦ ਅਤੇ ਨਿੱਜੀਕਰਨ ਦਾ ਦੈਂਤ ਛੋਟੀਆਂ ਕੌਮੀਅਤਾਂ ਨੂੰ ਦਰੜਨ ਦੇ ਰਾਹ 'ਤੇ ਹੈ ਅਤੇ ਭਾਸ਼ਾ ਉਸ ਦਾ ਸਭ ਤੋਂ ਵੱਡਾ ਹਥਿਆਰ ਹੈ। ਸਰਕਾਰਾਂ ਇਨ੍ਹਾਂ ਲੋਕ-ਵਿਰੋਧ ਸ਼ਕਤੀਆਂ ਦੇ ਹੱਥ ਮਜ਼ਬੂਤ ਕਰਨ ਵਿਚ ਆਪਣੀ ਸ਼ਾਨ ਸਮਝਦੀਆਂ ਹਨ। ਇਸੇ ਲਈ ਪੰਜਾਬ ਵਰਗੇ ਰੱਜੇ-ਪੁੱਜੇ ਸੂਬੇ ਵਿਚ ਭਾਸ਼ਾ ਦੀ ਹੋਂਦ ਦੀ ਲੜਾਈ ਲੜਨ ਦਾ ਕਾਰਜ ਸਿਰਫ਼ ਲੇਖਕਾਂ ਨੂੰ ਕਰਨਾ ਪੈਂਦਾ ਹੈ। ਇਹ ਵਿਚਾਰ ਕੇਂਦਰੀ ਪੰਜਾਬੀ ਲੇਖਕ ਸਭਾ(ਰਜਿ:) ਦੀ ਕਾਰਜਕਾਰਨੀ ਦੇ ਫ਼ੈਸਲਿਆਂ ਦੀ ਜਾਣਕਾਰੀ ਦਿੰਦਿਆਂ ਕੇਂਦਰੀ ਸਭਾ ਦੇ ਜਨਰਲ ਸਕੱਤਰ ਹਰਮੀਤ ਵਿਦਿਆਰਥੀ ਨੇ ਪ੍ਰਗਟ ਕੀਤੇ। ਸਭਾ ਦੇ ਸੀਨੀਅਰ ਮੀਤ ਪ੍ਰਧਾਨ ਸ੍ਰੀ ਕਰਨੈਲ ਸਿੰਘ ਨਿੱਝਰ ਦੀ ਪ੍ਰਧਾਨਗੀ ਹੇਠ ਹੋਈ ਇਸ ਬੈਠਕ ਵਿਚ ਸਭ ਤੋਂ ਪਹਿਲਾਂ ਪੰਜਾਬੀ ਦੇ ਇਤਿਹਾਸਕ ਨਾਵਲਾਂ ਦੇ ਸ਼ਾਹ ਅਸਵਾਰ ਗਿਆਨੀ ਕੇਸਰ ਸਿੰਘ(ਕੈਨੇਡਾ) ਅਤੇ ਪੰਜਾਬੀ ਫ਼ਿਲਮ ਨਿਰਦੇਸ਼ਕ ਮਨੋਜ ਪੁੰਜ ਦੀ ਮੌਤ 'ਤੇ ਡੂੰਘੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਗਿਆ। ਸ੍ਰੀ ਵਿਦਿਆਰਥੀ ਨੇ ਦੱਸਿਆ ਕਿ ਪੰਜਾਬੀ ਭਾਸ਼ਾ ਨੂੰ ਦਰਪੇਸ਼ ਚੁਣੌਤੀਆਂ ਨੂੰ ਆਮ ਲੋਕਾਂ ਤੱਕ ਲੈ ਕੇ ਜਾਣ ਅਤੇ ਭਾਸ਼ਾ ਲਈ ਅੰਦੋਲਨ ਦੇ ਹੱਕ ਵਿਚ ਜਨਤਕ ਲਾਮਬੰਦੀ ਕਰਨ ਲਈ 'ਗਿਆਨੀ ਹੀਰਾ ਸਿੰਘ ਦਰਦ ਪੰਜਾਬੀ ਚੇਤਨਾ ਮੁਹਿੰਮ' ਚਲਾਉਣ ਦਾ ਫ਼ੈਸਲਾ ਕੀਤਾ ਗਿਆ ਹੈ ਜਿਸ ਤਹਿਤ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਨਾਲ ਸੰਬੰਧਿਤ ਸਭਾਵਾਂ ਆਪੋ-ਆਪਣੇ ਇਲਾਕਿਆਂ ਵਿਚ ਲੋਕਾਂ ਨੂੰ ਚੇਤੰਨ ਕਰਨ ਲਈ ਨੁੱਕੜ ਮੀਟਿੰਗਾਂ ਕਰਨਗੀਆਂ ਅਤੇ ਭਰਾਤਰੀ ਜਥੇਬੰਦੀਆਂ ਦੇ ਕਾਫ਼ਲੇ ਪੰਜਾਬ ਦੇ ਪਿੰਡਾਂ ਤੇ ਸ਼ਹਿਰਾਂ 'ਚੋਂ ਹੁੰਦੇ ਹੋਏ ਜਲੰਧਰ ਵੱਲ ਨੂੰ ਤੁਰਨਗੇ ਜਿਥੇ ਇਕ ਵਿਸ਼ਾਲ ਰੋਸ ਮਾਰਚ ਕੀਤਾ ਜਾਵੇਗਾ। ਸ੍ਰੀ ਵਿਦਿਆਰਥੀ ਨੇ ਦੱਸਿਆ ਕਿ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਵੱਲੋਂ ਸਿਰਜਣਾ ਕੇਂਦਰ ਕਪੂਰਥਲਾ ਨਾਲ ਸਾਂਝੇ ਤੌਰ 'ਤੇ ਦੋ-ਦਿਨਾ 'ਨਾਰੀ ਚੇਤਨਾ ਸੈਮੀਨਾਰ' ਆਯੋਜਿਤ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ੨-੩ ਦਸੰਬਰ ੨੦੦੬ ਨੂੰ ਵਿਰਸਾ ਵਿਹਾਰ ਕਪੂਰਥਲਾ ਵਿਚ ਹੋਣ ਵਾਲੇ ਇਸ ਸਮਾਗਮ ਵਿਚ ਪੰਜਾਬੀ ਦੇ ਨਾਲ-ਨਾਲ ਹੋਰਨਾਂ ਭਾਸ਼ਾਵਾਂ ਦੇ ਵਿਦਵਾਨ ਵੀ ਸ਼ਿਰਕਤ ਕਰਨਗੇ। ਇਸੇ ਲੜੀ ਤਹਿਤ ਜਨਵਰੀ ਮਹੀਨੇ ਵਿਚ ੨-ਦਿਨਾ ਨਾਵਲ ਸੈਮੀਨਾਰ ਬਟਾਲਾ ਵਿਖੇ ਆਯੋਜਿਤ ਕਰਨ ਦਾ ਫ਼ੈਸਲਾ ਕੀਤਾ ਗਿਆ। ਸ਼ਹੀਦ ਭਗਤ ਸਿੰਘ ਦੀ ਜਨਮ ਸ਼ਤਾਬਦੀ ਨੂੰ ਸਮਰਪਿਤ ਅਤੇ ਮਾਤ-ਭਾਸ਼ਾ ਦਿਵਸ ਦੇ ਮੌਕੇ 'ਤੇ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਅਤੇ ਸਾਹਿੱਤ, ਸੱਭਿਆਚਾਰ ਅਤੇ ਭਾਸ਼ਾ ਦੇ ਮਸਲਿਆਂ ਬਾਰੇ ਇਕ ਸੈਮੀਨਾਰ ਚੰਡੀਗੜ੍ਹ ਵਿਖੇ ਕਰਵਾਉਣ ਦਾ ਫ਼ੈਸਲਾ ਕੀਤਾ ਗਿਆ। ਕੇਂਦਰੀ ਸਭਾ ਦੇ ਬੁਲੇਟਿਨ 'ਪੰਜਾਬੀ ਲੇਖਕ' ਨੂੰ ਨਿਯਮਿਤ ਤੌਰ ਤੇ ਕੱਢਣ ਦਾ ਫ਼ੈਸਲਾ ਕੀਤਾ ਅਤੇ ਇਸ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਪ੍ਰੋ. ਸੁਰਜੀਤ ਜੱਜ, ਹਰਵਿੰਦਰ ਭੰਡਾਲ ਅਤੇ ਕੁਲਦੀਪ ਸਿੰਘ ਬੇਦੀ 'ਤੇ ਆਧਾਰਿਤ ਸੰਪਾਦਕੀ ਮੰਡਲ ਦਾ ਗਠਨ ਕੀਤਾ ਗਿਆ।

## ਕੌਮਾਂਤਰੀ ਮਨਜੀਤ ਯਾਦਗਾਰੀ ਪੁਰਸਕਾਰ ਜਗਜੀਤ ਸਿੰਘ ਆਨੰਦ ਨੂੰ

ਇੰਟਰਨੈਸ਼ਨਲ ਪੰਜਾਬੀ ਲਿਟਰੇਰੀ ਟਰੱਸਟ (ਕੈਨੇਡਾ) ਵੱਲੋਂ ੨੭ਵਾਂ ਕੌਮਾਂਤਰੀ ਮਨਜੀਤ ਯਾਦਗਾਰੀ ਪੁਰਸਕਾਰ ਪੱਤਰਕਾਰ ਅਤੇ ਵਾਰਤਕ ਲੇਖਕ ਸ੍ਰੀ ਜਗਜੀਤ ਸਿੰਘ ਆਨੰਦ ਨੂੰ ਦਿੱਤੇ ਜਾਣ ਦਾ ਫੈਸਲਾ ਕੀਤਾ ਗਿਆ ਹੈ। ਇਹ ਜਾਣਕਾਰੀ ਟਰੱਸਟ ਦੇ ਪ੍ਰਧਾਨ ਡਾ. ਸਾਧੂ ਸਿੰਘ ਵੱਲੋਂ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਪਿਛਲੇ ਦਿਨੀਂ ਟਰੱਸਟ ਦੀ ਮੀਟਿੰਗ ਵਿਚ ਇਹ ਫੈਸਲਾ ਸਰਬਸੰਮਤੀ ਨਾਲ ਲਿਆ ਗਿਆ ਕਿ ਸ. ਜਗਜੀਤ ਸਿੰਘ ਆਨੰਦ ਨੂੰ ਉਨ੍ਹਾਂ ਦੀ ਵਾਰਤਕ ਸ਼ੈਲੀ, ਠੇਠ ਸ਼ਬਦਾਵਲੀ ਅਤੇ ਪੰਜਾਬੀ ਸਾਹਿਤ ਨੂੰ ਵਿਸ਼ਵ ਪ੍ਰਸਿੱਧ ਪੁਸਤਕਾਂ ਪੰਜਾਬੀ ਪਾਠਕਾਂ ਨੂੰ ਪੰਜਾਬੀ ਅਨੁਵਾਦ ਰਾਹੀਂ ਪਹੁੰਚਾਉਣ ਵਿਚ ਅਹਿਮ ਯੋਗਦਾਨ ਬਦਲੇ ਦਿੱਤਾ ਜਾ ਰਿਹਾ ਹੈ। ਇਹ ਪੁਰਸਕਾਰ ੨੦੦੭ 'ਚ ਜਨਵਰੀ ਮਹੀਨੇ ਜਲੰਧਰ ਵਿਚ ਦਿੱਤਾ ਜਾਵੇਗਾ, ਜਿਸ ਵਿਚ ੨੧ ਹਜ਼ਾਰ ਰੁਪਏ ਦੀ ਰਾਸ਼ੀ ਤੇ ਸਨਮਾਨ ਪੱਤਰ ਸ਼ਾਮਿਲ ਹਨ।



Namdhari Elibrary NamdhariElibrary@gmail.com

## ਚਰਨ ਸੀਚੇਵਾਲਵੀ ਨਾਲ ਰੂਬਰੂ ਸਮਾਗਮ

ਸੰਤ ਅਵਤਾਰ ਸਿੰਘ ਜੀ ਯਾਦਗਾਰੀ ਕਾਲਜ ਸੀਚੇਵਾਲ ਵਿਖੇ ਪ੍ਰਸਿੱਧ ਸ਼ਾਇਰ ਚਰਨ ਸੀਚੇਵਾਲਵੀ ਨਾਲ ਰੂਬਰੂ ਸਮਾਗਮ ਦਾ ਆਯੋਜਨ ਕੀਤਾ ਗਿਆ। ਇਹ ਸਮਾਗਮ ਸੰਤ ਬਲਬੀਰ ਸਿੰਘ ਜੀ ਦੀ ਪ੍ਰਧਾਨਗੀ ਵਿਚ ੧੦ ਨਵੰਬਰ ੨੦੦੬ ਨੂੰ ਕਾਲਜ ਦੇ ਵਿਹੜੇ ਵਿਚ ਕਰਵਾਇਆ ਗਿਆ। ਪ੍ਰਧਾਨਗੀ ਮੰਡਲ ਵਿਚ ਅਖ਼ਬਾਰ ਜੇ ਜਗਤ (ਸਪਤਾਹਿਕ) ਦੇ ਮੁੱਖ ਸੰਪਾਦਕ ਸ੍ਰੀ ਕੇ.ਐਸ.ਸਹਿਗਲ ਅਤੇ ਪੱਤਰਕਾਰ ਸ੍ਰੀ ਸੁਰਿੰਦਰ ਸਿੰਘ ਡ੍ਰਾਹੀਆ ਸ਼ਾਮਲ ਸਨ ।

ਪ੍ਰੋ. ਦਿਲਬਾਗ ਸਿੰਘ ਮੋਮੀ ਜੀ ਨੇ ਚਰਨ ਸੀਚੇਵਾਲਵੀ ਨੂੰ ਜੀ ਆਇਆਂ ਆਖਿਆ ਅਤੇ ਮੰਚ ਤੇ ਆਉਣ ਦਾ ਸੱਦਾ ਦਿੱਤਾ। ਚਰਨ ਸੀਚੇਵਾਲਵੀ ਜੀ ਨੇ ਆਪਣੇ ਜੀਵਨ ਪਿਛੋਕੜ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਸੰਤ ਬਲਬੀਰ ਸਿੰਘ ਜੀ ਦੇ ਕਾਰਜਾਂ ਦੀ ਸ਼ਲਾਘਾ ਕੀਤੀ ਅਤੇ ਵੇਈਂ ਦੀ ਸਫ਼ਾਈ ਤੇ ਵਾਤਾਵਰਣ ਸੰਭਾਲ ਸੰਬੰਧੀ ਉਨ੍ਹਾਂ ਦੇ ਪਾਏ ਯੋਗਦਾਨ ਉਪਰ ਲਿਖੀਆਂ ਰੁਬਾਈਆਂ ਅਤੇ ਕਵਿਤਾਵਾਂ ਸੁਣਾਈਆਂ। ਇਸ ਤੋਂ ਬਾਅਦ ਉਨ੍ਹਾਂ ਨੇ ਪੰਜਾਬ ਦੇ ਕਾਲੇ ਦਿਨਾਂ ਦੀ ਦਾਸਤਾਨ ਵੀ ਆਪਣੀਆਂ ਕਵਿਤਾਵਾਂ ਰਾਹੀ ਬਿਆਨ ਕੀਤੀ। ਸਾਰੇ ਵਿਦਿਆਰਥੀਆਂ ਨੇ ਉਨ੍ਹਾਂ ਦੀਆਂ ਕਵਿਤਾਵਾਂ ਨੂੰ ਬੜੇ ਧਿਆਨ ਪੂਰਬਕ ਸੁਣਿਆ ਅਤੇ ਉਨ੍ਹਾਂ ਤੋ ਕੁਝ ਸੁਆਲ ਵੀ ਪੁੱਛੇ ਜਿਨ੍ਹਾਂ ਦਾ ਉਤਰ ਉਨ੍ਹਾਂ ਨੇ ਪੁਰਖਲੂਸ ਢੰਗ ਨਾਲ ਦਿੱਤਾ।

ਅੰਤ ਵਿਚ ਸੰਤ ਬਲਬੀਰ ਸਿੰਘ ਜੀ ਸੀਚੇਵਾਲ ਨੇ ਬੱਚਿਆਂ ਨੂੰ ਅਸ਼ੀਰਵਾਦ ਦਿੰਦਿਆਂ ਵਾਤਾਵਰਣ ਅਤੇ ਆਚਰਣ ਦੀ ਸ਼ੁਧੀ ਲਈ ਪ੍ਰੇਰਿਤ ਕੀਤਾ। ਸਮਾਜ ਵਿਚ ਵਧ ਰਹੀ ਅਸ਼ਲੀਲਤਾ ਅਤੇ ਦਹਿਸ਼ਤ ਉਪਰ ਉਨ੍ਹਾਂ ਚਿੰਤਾ ਪ੍ਰਗਟ ਕੀਤੀ ਅਤੇ ਇਸ ਨੂੰ ਸਮਾਜ ਵਿਚੋਂ ਦੂਰ ਕਰਨ ਲਈ ਬੱਚਿਆਂ ਨੂੰ ਉਤਸ਼ਾਹਿਤ ਕੀਤਾ। ਇਸ ਸਮਾਗਮ ਦਾ ਸੰਚਾਲਨ ਪ੍ਰੋ ਰਾਮ ਮੂਰਤੀ ਨੇ ਬੜੇ ਚੰਗੇ ਢੰਗ ਨਾਲ ਕੀਤਾ। ਕਾਲਜ ਸਟਾਫ ਵਿਚੋਂ ਪ੍ਰੋ ਹਰਜਿੰਦਰ ਸਿੰਘ, ਪ੍ਰੋ.ਰਾਜ ਕੁਮਾਰ, ਪ੍ਰੋ. ਅਜੇ ਪਾਲ ਸਿੰਘ ਢਿਲੋਂ, ਪ੍ਰੋ ਰਿਚਾ ਅਰੋੜਾ, ਪ੍ਰੋ. ਅਮਨਪ੍ਰੀਤ ਕੌਰ, ਸ੍ਰੀ ਮਤੀ ਪ੍ਰੋਮਿਲਾ ਕੁਮਾਰੀ ਆਦਿ ਨੇ ਇਸ ਸਮਾਗਮ ਵਿਚ ਸ਼ਮੂਲੀਅਤ ਕੀਤੀ।

## ਸ੍ਰੀ ਤਰਸੇਮ ਚੰਦ ਅਗਰਵਾਲ ਦੇ ਘਰ ਪੋਤਰੇ ਦੀ ਦਾਤ

ਸ੍ਰੀ ਤਰਸੇਮ ਚੰਦ ਅਗਰਵਾਲ ਜੀ ਦੇ ਵੱਡੇ ਭਾਗ ਹਨ ਜੋ ਉਨ੍ਹਾਂ ਦੇ ਛੋਟੇ ਸਪੁੱਤਰ ਅਤੁਲ ਮਿੱਤਲ ਅਤੇ ਨੂੰਹ ਰਾਣੀ ਬੀਬੀ ਕੰਵਲਪ੍ਰੀਤ ਕੌਰ ਤੇ ਘਰ ੫ ਸਤੰਬਰ ੨੦੦੬ ਨੂੰ ਸ੍ਰੀ ਸਤਿਗੁਰੂ ਜੀ ਨੇ ਕਾਕੇ ਦੀ ਦਾਤ ਬਖਸ਼ੀ ਹੈ। ਵਰਨਣਯੋਗ ਹੈ ਕਿ ਮਾਰਚ ੨੦੦੫ ਨੂੰ ਸ੍ਰੀ ਤਰਸੇਮ ਚੰਦ ਜੀ ਅਗਰਵਾਲ ਨੇ ਜਦੋਂ ਸਤਿਗੁਰੂ ਜੀ ਨੂੰ ਨਤ-ਮਸਤਕ ਹੋ ਆਪਣੇ ਵੱਡੇ ਸਪੁੱਤਰ ਅਰਵਿੰਦ ਅਤੇ ਨੂੰਹਰਾਣੀ ਵਸੁਧਾ ਤੇ ਘਰ ਕਾਕੇ ਦੇ ਜਨਮ ਲੈਣ ਦੀ ਖੁਸ਼ੀ ਪ੍ਰਗਟਾਈ ਤਾਂ ਔਚੋ ਸਹਿਜ ਅਵਸਥਾ ਵਿੱਚ ਸਤਿਗੁਰੂ ਜੀ ਨੇ 'ਕਾਕਾ ਅਤੁਲ ਦੇ ਘਰ....... ।" ਬਚਨ ਉਚਾਰਣ ਕਰ ਦਿੱਤਾ ਤਾਂ ਸ੍ਰੀ ਤਰਸੇਮ ਚੰਦ ਜੀ ਨੂੰ ਖੁਸ਼ੀਆਂ ਦੇ ਚਾਰ ਚੰਨ ਲੱਗ ਗਏ, ਕਿਉਂ ਜੋ ਸਤਿਗੁਰੂ ਜੀ ਨੇ ਸਹਿਜ-ਸੁਭਾਅ ਹੀ ਉਨ੍ਹਾਂ ਦੇ ਛੋਟੇ ਸਪੁੱਤਰ ਅਤੁਲ ਦੇ ਘਰ ਕਾਕੇ ਦੀ ਦਾਤ ਬਖਸ਼ਿਸ਼ ਹੋਣ ਦੀ ਭਵਿੱਖਬਾਣੀ ਕਰ ਦਿੱਤੀ ਸੀ। ਉਹ ਭਵਿੱਖਬਾਣੀ ਹੁਣ ੫ ਸਤੰਬਰ ੨੦੦੬ ਨੂੰ ਪੂਰੀ ਹੋਣ ਤੇ ਅਗਰਵਾਲ ਪ੍ਰਵਾਰ ਆਪਣੇ ਆਪ ਨੂੰ ਸਤਿਗੁਰੂ ਜੀ ਦਾ ਰਿਣੀ ਮੰਨਦਾ ਹੈ। ਸ੍ਰੀ ਤਰਸੇਮ ਚੰਦ ਜੀ ਦੇ ਕਥਨਾਨੁਸਾਰ ਸਤਿਗੁਰੂ ਜੀ ਨੇ ਨਾ ਕੇਵਲ ਉਨ੍ਹਾਂ ਨੂੰ ਸਰੀਰਕ ਤਕਲੀਫਾਂ ਤੋਂ ਛੁਟਕਾਰਾ ਦਿਵਾਉਂਦੇ ਹੋਏ ਉਨ੍ਹਾਂ ਦੀ ਆਯੂ ਹੋਰ ਵਧਾਈ ਹੈ ਬਲਕਿ ਸਤਿਗੁਰੂ ਜੀ ਉਨ੍ਹਾਂ ਵਾਸਤੇ ਖੁਸ਼ੀਆਂ ਦੇ ਭੰਡਾਰੇ ਸਦਾ ਖੋਲ੍ਹੀ ਰੱਖਦੇ ਹਨ। ਪਿਛਲੇ ਦਿਨੀਂ ਸ੍ਰੀ ਸਤਿਗੁਰੂ ਜੀ ਨੇ ਜਦੋਂ ਇਸ ਪ੍ਰਵਾਰ ਦੇ ਗੁੜਗਾਂਵਾਂ ਵਿਖੇ ਸਥਾਪਤ 'ਅਤੁਲ ਫਾਰਮ' ਤੇ ਉਚੇਚੇ ਦਰਸ਼ਨ ਦਿਦਾਰੇ ਦਿੱਤੇ ਤਾਂ ਇਹ ਪ੍ਰਵਾਰ ਖੁਸ਼ੀਆਂ ਵਿੱਚ ਫੁਲਿਆ ਨਹੀਂ ਸੀ ਸਮਾ ਰਿਹਾ ।(ਵ-ਹਿ)

## ਨੌਜਵਾਨ ਬਲਵਿੰਦਰ ਸਿੰਘ ਨਾਮਧਾਰੀ ਨਮਿੱਤ ਭੋਗ ਅਤੇ ਸ਼ਰਧਾਂਜਲੀ ਸਮਾਗਮ

ਸ੍ਰੀ ਸਤਿਗੁਰੂ ਜੀ ਦੇ ਹੁਕਮ ਨੂੰ ਸਿਰ ਮੱਥੇ ਮੰਨਣ ਵਾਲਾ ਨੌਜਵਾਨ ਬਲਵਿੰਦਰ ਸਿੰਘ ੨੫ ਅਗਸਤ ੨੦੦੬ ਨੂੰ ਇਸ ਸੰਸਾਰ ਨੂੰ ਅਲਵਿਦਾ ਕਹਿ ਗਿਆ। ਚਿਰਾਂ ਤੋਂ ਸਰੀਰ ਅੰਦਰ ਘਰ ਕਰੀ ਬੈਠੀ ਕਿਸੇ ਵੱਡੀ ਤਕਲੀਫ ਦਾ ਬਲਵਿੰਦਰ ਸਿੰਘ ਨੇ ਨਾ ਕਦੇ ਜ਼ਿਕਰ ਕੀਤਾ ਸੀ ਅਤੇ ਨਾ ਹੀ ਜ਼ਾਹਰਾ ਤੌਰ ਤੇ ਉਸਦੇ ਸਰੀਰ ਤੋਂ ਕਦੀ ਲੱਗਿਆ ਕਿ ਉਸਨੂੰ ਕੋਈ ਵੱਡੀ ਤਕਲੀਫ ਹੈ। ਉਸਨੂੰ ਸਦਾ ਪੰਥਕ ਅਤੇ ਸਮਾਜ ਸਰਗਰਮੀਆਂ ਵਿਚ ਲੀਨ ਹੀ ਵੇਖਿਆ ਗਿਆ। ਉਹ ਨਾ ਕੇਵਲ ਦਿੱਲੀ ਦੀਆਂ ਸਭਾ ਸੁਸਾਇਟੀਆਂ ਜਾਂ ਰਾਜਨੀਤਕ ਅਦਾਰਿਆਂ 'ਚ ਮੁੱਖ ਰੋਲ ਨਿਭਾਉਂਦਾ ਨਜ਼ਰ ਆਇਆ ਬਲਕਿ ਉਸ ਨੇ ਪਹਿਲਾਂ ਪੰਜਾਬ ਯੂਥ ਕਾਂਗਰਸ 'ਚ ਜੁਆਇੰਟ ਸਕੱਤਰ, ਫੇਰ ਜਨਰਲ ਸਕੱਤਰ, ਉਪਰੰਤ ਪੰਜਾਬ ਕਾਂਗਰਸ ਕਮੇਟੀ 'ਚ ਆਰਗੇ



Namdhari Elibrary NamdhariElibrary@gmail.com

ਨਾਈਜ਼ਿੰਗ ਸਕੱਤਰ ਦੀਆਂ ਜ਼ਿੰਮੇਵਾਰੀਆਂ ਵੀ ਸੰਭਾਲੀ ਰੱਖੀਆਂ।

ਬਲਵਿੰਦਰ ਸਿੰਘ ਦਾ ਨਿਵਾਸ ਦਿੱਲੀ ਹੋਣ ਕਰਕੇ ਨਜ਼ਦੀਕੀ ਕਲੋਨੀਆਂ ਵਿੱਚ ਉਹ ਹਰਮਨ ਪਿਆਰਾ ਅਤੇ ਸਭਨਾਂ ਦੇ ਕੰਮ ਆਉਣ ਵਾਲਾ ਨੌਜਵਾਨ ਸੀ। ਭਾਵੇਂ ਲੋਕਲ ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਹੋਵੇ, ਭਾਵੇਂ ਕਲੋਨੀ ਦੀ ਸਮਾਜਕ ਸੁਸਾਇਟੀ ਹੋਵੇ, ਕੌਣ ਕੀ ਕਿਸੇ ਵੀ ਕਮੇਟੀ ਦਾ ਕੋਈ ਵੀ ਵਿਅਕਤੀ ਉਸਨੂੰ ਪ੍ਰਬੰਧਕ ਜ਼ਿੰਮੇਵਾਰੀ ਸੌਂਪਕੇ ਸੁਰਖਰੂ ਮਹਿਸੂਸ ਕਰਦਾ ਸੀ। ਸ਼ਾਇਦ ਇਹੋ ਕਾਰਨ ਸੀ ਕਿ ਅੰਤਮ ਯਾਤਰਾ ਵਿਚ ਸਰਬੱਤ ਦੁਖਿਤ ਹਿਰਦੇ ਨਿੱਜੀ ਰੂਪ ਵਿੱਚ ਜ਼ਿੰਮੇਵਾਰੀ ਸਮਝਦਿਆਂ ਸ਼ਾਮਲ ਹੋਏ। ਅੰਤਮ ਯਾਤਰਾ ਅਤੇ ਭੋਗ ਸਮਾਗਮ ਮੌਕੇ ਜਿੱਥੇ ਆਮ ਜਨ ਸ਼ਾਮਲ ਹੋਇਆ ਉਥੇ ਕਈ ਇੱਕ ਪਤਵੰਤੇ ਸਜਨ ਵੀ ਸ਼ਾਮਲ ਸਨ। ਜਿਨ੍ਹਾਂ ਚੋਂ ਵਰਨਣ ·ਯੋਗ ਨਾਮ ਹਨ- ਸ੍ਰੀ ਪਵਨ ਦੀਵਾਨ (ਮੈਂਬਰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ) ਵਿਸ਼ਨੂੰ ਕਾਰਡਨ, ਸ੍ਰੀ ਸਤਨਾਮ ਸਿੰਘ ਔਲਖ (ਪ੍ਰਧਾਨ ਸਰਵੇਦਵ ਅਮਨ ਸਮਿਤੀ), ਸ੍ਰ ਮੱਖਣ ਸਿੰਘ, ਸ੍ਰ ਅਜੀਤ ਸਿੰਘ ਸੀਹਰਾਂ, ਜਸਵਿੰਦਰ ਸਿੰਘ ਬੰਟੀ, ਹਰਦੂਲ ਸਿੰਘ ਭੌਮਰਾ (ਮੈਂਬਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਚੇਅਰਮੈਨ ਗੁਰੂ ਤੇਗ ਬਹਾਦਰ ਪੌਲਟੈਕ,ਨੀਕਲ) ਸ੍ਰ. ਕਰਮ ਸਿੰਘ, ਸ੍ਰ. ਜੁਗਿੰਦਰ ਸਿੰਘ, ਸ੍ਰ ਜਗਮੋਹਨ ਸਿੰਘ ਮਰਵਾਹ, ਸ੍ਰ ਹਜ਼ੂਰ ਸਿੰਘ, ਮਨਜੀਤ ਸਿੰਘ ਬਿੰਟਾ, ਸ੍ਰ ਗੁਰਵਿੰਦਰ ਸਿੰਘ, ਸ੍ਰ ਹਰਵਿੰਦਰ ਸਿੰਘ ਲੱਕੀ, ਗੁਰੂ ਨਾਨਕ ਡਿਸਟੀਬਿਊਟਰ ਤੋਂ ਸ੍ਰ. ਦਰਸ਼ਨ ਸਿੰਘ, ਸ੍ਰ ਦਿਲਬਾਗ ਸਿੰਘ, ਸ੍ਰ ਸਤਪਾਲ ਸਿੰਘ ਬੰਟੀ ਆਦਿ ।

ਹਰਮਨ ਪਿਆਰੇ ਬਲਵਿੰਦਰ ਸਿੰਘ ਦੇ ਦਾਦਾ ਸੰਤ ਅਨੋਤਾ ਸਿੰਘ ਜੀ ਸ੍ਰੀ ਸਤਿਗੁਰੂ ਜੀ ਦੇ ਦਫਤਰ ਆਪਣੇ ਹੱਗੀ ਸੇਵਾ ਦੀ ਸੇਵਾ ਸਦਾ ਨਿਭਾਉਂਦੇ ਰਹੇ ਅਤੇ ਪਿਤਾ ਸੰਤ ਜਸਵੰਤ ਸਿੰਘ ਜੀ ਹੁਣ ਤੱਕ ਨਿਭਾਅ ਰਹੇ ਹਨ। ਸੰਤ ਅਨੋਤਾ ਸਿੰਘ ਜੀ ਆਪਣੀਆਂ ਪੰਥਕ ਸੇਵਾਵਾਂ ਵਜੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤੋਂ 'ਪੰਥ ਰਤਨ' ਦੀ ਉਪਾਧੀ ਵੀ ਪ੍ਰਾਪਤ ਕਰ ਚੁੱਕੇ ਹਨ। ਮੰਡੀ ਹਿਮਾਚਲ ਪ੍ਰਦੇਸ਼ ਤੋਂ ਪ੍ਰਕਾਸ਼ਤ ਹੋਣ ਵਾਲਾ ਮਾਸਕ ਮੈਗਜ਼ੀਨ 'ਯੁਗ ਮਰਿਆਦਾ' ਦੇ ਸੰਪਾਦਕ ਅਤੇ ਸਾਡੇ ਮਿੱਤਰ ਨਰਿੰਦਰ ਸਿੰਘ ਦੀ ਸਪੁੱਤਰੀ ਬੀਬੀ ਨਿਰਮਲ ਕੌਰ ਇਸ ਨੌਜਵਾਨ ਬਲਵਿੰਦਰ ਸਿੰਘ ਦੀ ਸੁਪਤਨੀ ਹੈ। ਸਤਿਗੁਰੂ ਜੀ ਪ੍ਰਤੀ ਸਮਰਪਤ ਭਾਵਨਾ ਅਤੇ ਪੰਥ ਸੇਵਾ ਨੌਜਵਾਨ ਬਲਵਿੰਦਰ ਸਿੰਘ ਨੂੰ ਆਪਣੇ ਬਜ਼ੁਰਗਾਂ ਕੋਲੋਂ ਵਿਰਸੇ ਵਿੱਚ ਮਿਲੀ। ਆਪਣੇ ਮਿਠਬੋਲੜੇ ਸੁਭਾਅ ਅਤੇ ਸਭਨਾਂ ਦੇ ਕੰਮ ਸਰਕਾਰੇ-ਦਰਬਾਰੇ ਕਰਾਉਣ ਸਦਕਾ ਇਸ ਨੌਜਵਾਨ ਦਾ ਸੰਪਰਕ ਘੇਰਾ ਬੜਾ ਵੱਡਾ ਬਣ ਗਿਆ ਸੀ। ਇਹ ਗੱਲ ਦਿੱਲੀ ਦੇ ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ ਵਿਖੇ ੩ ਸਤੰਬਰ ੨੦੦੬ ਨੂੰ ਬਲਵਿੰਦਰ ਸਿੰਘ ਦੀ ਅੰਤਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ ਸਮੇਂ ਪ੍ਰਤੱਖ ਹੋ ਨਿਬੜੀ। ਇਸ ਮੌਕੇ ਜਿੱਥੇ ਰਿਸ਼ਤੇਦਾਰਾਂ, ਸੱਜਣਾਂ, ਮਿੱਤਰਾਂ ਦੀ ਹਾਜ਼ਰੀ ਭਰਪੂਰ ਸੀ ਉਥੇ ਸਮਾਜਕ, ਧਾਰਮਕ ਅਤੇ ਰਾਜਨੀਤਕ ਸੰਸਥਾ ਸੁਸਾਇਟੀਆਂ ਦੀ ਨੁਮਾਇੰਦਗੀ ਵੀ ਬਹੁਤ ਸੀ ।

*—ਸਰਬ ਸ਼ਕਤੀ ਮਾਨ ਸਿੰਘ*

## ਨਿਸ਼ਕਾਮ ਸੇਵਕ ਸੰਤ ਮੰਗਲ ਸਿੰਘ ਹੋਰਾਂ ਦੀ ਯਾਦ 'ਚ ਸਾਲਾਨਾ ਜੋੜ-ਮੇਲਾ

*—ਜਸਬੀਰ ਸਿੰਘ ਸਿੱਧੂ*

ਮਿਤੀ ੧੫-੧੦-੦੬ ਨੂੰ ਚੰਡੀਗੜ੍ਹ ਨਾਮਧਾਰੀ ਗੁਰਦੁਆਰਾ ਸਾਹਿਬ ਵਿਖੇ ਨਿਸ਼ਕਾਮ ਸੇਵਕ ਸੰਤ ਮੰਗਲ ਸਿੰਘ ਚੰਡੀਗੜ੍ਹ, ਹੋਰਾਂ ਦੀ ਸਾਲਾਨਾ ਯਾਦ ਵਿਚ ਜੋੜ-ਮੇਲਾ ਨਾਮਧਾਰੀ-ਸੰਗਤ ਵੱਲੋਂ ਆਯੋਜਿਤ ਕੀਤਾ ਗਿਆ। ਸੰਤਾਂ ਦੀ ਯਾਦ ਵਿਚ ਪਹਿਲੇ ਦਿਨ ਸ਼ਾਮ ਨੂੰ ਜਥੇਦਾਰ ਅਜੀਤ ਸਿੰਘ ਅਤੇ ਸੰਤ ਦਵਿੰਦਰ ਸਿੰਘ ਜੀ ਦੇ ਜਥਿਆਂ ਨੇ ਇਲਾਹੀ-ਕੀਰਤਨ ਦੀਵਾਨ ਸਜਾਏ। ਫੇਰ ਨਾਮਧਾਰੀ ਪੰਥ ਦੇ ਪ੍ਰਸਿੱਧ ਵਿਦਵਾਨ ਪੰਡਿਤ ਸੰਤ ਹਰਭਜਨ ਸਿੰਘ ਜੀ ਨੇ ਕਥਾ-ਵੀਚਾਰ ਕਰਕੇ ਸੰਗਤਾਂ ਨੂੰ ਨਾਮ ਸਿਮਰਨ ਦੀ ਪ੍ਰੇਰਣਾ ਦਿੱਤੀ। ਵਿਸ਼ੇਸ਼ ਕਰਕੇ ਅਗਲੇ ਦਿਨ ਵੀ ਸੰਤ ਮੰਗਲ ਸਿੰਘ ਜੀ ਦੇ ਰੂਹਾਨੀ ਜੀਵਨ ਨੂੰ ਉਚਕੋਟੀ ਦੇ ਸਿੱਖ ਦਾ ਮਾਣ ਦਿੰਦੇ ਹੋਏ ਬਹੁਤ ਹੀ ਭਾਵ ਪੂਰਕ ਤੇ ਵਿਦਵਤਾ ਭਰਪੂਰ ਗੁਰਬਾਣੀ ਗੁਰ ਇਤਿਹਾਸਕ ਤੱਥਾਂ ਨਾਲ ਮੇਲ ਖਾਂਦੇ ਪ੍ਰਮਾਣਾਂ ਸਹਿਤ ਵਿਆਖਿਆ ਕਰਕੇ ਸੰਗਤਾਂ ਨੂੰ ਮੰਤਰ ਮੁਗਧ ਕੀਤਾ।

ਅਗਲੇ ਦਿਨ ਸਵੇਰ ਵਲੇ ਨਾਮ ਸਿਮਰਨ ਦੇ ਨਾਲ ਸ੍ਰੀ ਆਸਾ ਦੀ ਵਾਰ ਦਾ ਮਨੋਹਰ-ਕੀਰਤਨ ਸੂਬਾ ਪਰਮਜੀਤ ਸਿੰਘ,ਸੰਤ ਬਲਵਿੰਦਰ ਸਿੰਘ ਅਤੇ ਸੰਤ ਸੁਰਿੰਦਰਪਾਲ ਸਿੰਘ ਜੀ ਦੇ ਜੱਥਿਆਂ ਨੇ ਰਲ ਕੇ ਕੀਤਾ। ਉਪਰੰਤ ਛੋਟੇ ਬੱਚਿਆਂ ਦੇ ਸੰਤ ਹਰਭਜਨ ਸਿੰਘ ਚੰਡੀਗੜ੍ਹ ਹਰਸ਼ਵੀਰ ਵੜੈਚ, ਪਵਨੀਤ ਕੌਰ, ਸਿਮਰਨ ਕੌਰ, ਕਾਕਾ ਰਤਨ ਸਿੰਘ ਅਤੇ ਬਸੰਤ ਸਿੰਘ ਨੇ ਕਵਿਤਾਵਾਂ ਪੇਸ਼ ਕੀਤੀਆਂ।

ਸੰਤਾਂ ਦੀ ਮਹਿਮਾ ਦੀਵਾਨ ਸਜਾ ਕੇ ਸੰਤ ਅਜੀਤ ਸਿੰਘ ਅਤੇ ਸੰਤ ਦਵਿੰਦਰ ਸਿੰਘ ਨੇ ਸੰਗਤਾਂ ਨੂੰ ਨਿਹਾਲ ਕੀਤਾ। ਪ੍ਰੋ. ਸੁਖਬੀਰ ਸਿੰਘ ਗੁਲਾਟੀ ਦਿੱਲੀ ਨੇ ਵੀਚਾਰ ਪੇਸ਼ ਕੀਤੇ।



Namdhari Elibrary NamdhariElibrary@gmail.com

ਬੀਬੀ ਨਿਰਮਲ ਕੌਰ ਨੇ ਸੰਤ ਜੀ ਦੀਆਂ ਨਿਸ਼ਕਾਮ ਸੇਵਾਵਾਂ ਬਾਰੇ ਅਤੇ ਰੂਹਾਨੀਅਤ ਬਾਰੇ ਰੋਸ਼ਨੀ ਪਾਈ। ਸਮਾਗਮ ਦੇ ਅੰਤ ਵਿਚ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦਾ ਇਕ ਪਾਠ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਚੜਤੀ ਕਲਾ ਵਾਸਤੇ ਅਤੇ ਇਕ ਪਾਠ ਸੰਤ ਮੰਗਲ ਸਿੰਘ ਜੀ ਦੀ ਯਾਦ ਵਿਚ ਪਾਏ ਗਏ। ਸੰਗਤਾਂ, ਵਿਦਵਾਨਾਂ ਜਥਿਆਂ ਦਾ ਧੰਨਵਾਦ ਸੰਤ ਗੁਰਬਚਨ ਸਿੰਘ ਨੇ ਕੀਤਾ ਤੇ ਸੰਗਤਾਂ ਵੱਲੋਂ ਹਰ ਸਾਲ ਸੰਤਾਂ ਦੀ ਯਾਦ 'ਚ ਜੋੜ-ਮੇਲ ਮਨਾਉਣ ਦਾ ਫੈਸਲਾ ਕੀਤਾ ਗਿਆ। ਇਸ ਜੋੜ ਮੇਲੇ ਵਿਚ ਦਿੱਲੀ, ਮੋਹਾਲੀ, ਸਿਰਸਾ,ਭੁੰਨੀ ਅਤੇ ਪਟਿਆਲਾ ਤੋਂ ਸੰਗਤਾਂ ਨੇ ਸ਼ਮੂਲੀਅਤ ਕੀਤੀ। ਪ੍ਰੋਗਰਾਮ ਉਪ੍ਰੰਤ ਗੁਰੂ ਦਾ ਲੰਗਰ ਅਤੁੱਟ ਵਰਤਾਇਆ ਗਿਆ॥

## ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਪੁਰਬ ਮਨਾਇਆ

ਸੈਦੋਕੇ, ੧੩ ਨਵੰਬਰ — ਪਿਛਲੇ ਦਿਨੀਂ ਸ੍ਰੀ ਗੁਰੂ ਨਾਨਕ ਪਬਲਿਕ ਸਕੂਲ ਸੈਦੋਕੇ ਦੇ ਵਿਦਿਆਰਥੀਆਂ, ਅਧਿਆਪਕਾਂ ਅਤੇ ਮੈਨੇਜਮੈਂਟ ਵੱਲੋਂ ਬੱਚਿਆਂ ਦੇ ਮਾਪਿਆਂ ਅਤੇ ਸਮੂਹ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਪ੍ਰਿੰਸੀਪਲ ਪ੍ਰਮਜੀਤ ਸਿੰਘ ਚਾਹਲ ਦੀ ਅਗਵਾਈ ਵਿਚ ਹਰ ਸਾਲ ਦੀ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਪੁਰਬ ਦੇ ਸਬੰਧ ਵਿਚ ਪਿੰਡ ਅਲਕੜੇ, ਤਲਵੰਡੀ ਬੁਰਜ ਹਮੀਰਾ, ਗਾਜੀਆਣਾ, ਮਧੇਕੇ, ਸੈਦਕੇ ਆਦਿ ਦੀਆਂ ਸੰਗਤਾਂ ਨੇ ਇਕੱਠੇ ਹੋਕੇ ਪ੍ਰਭਾਤ-ਫੇਰੀ ਕੱਢੀ। ਇਸੇ ਦੌਰਾਨ ਕਰੀਬ ਦੋ ਹਜ਼ਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਰੂਪ ਸੰਗਤਾਂ ਵਿਚ ਵੰਡੇ ਗਏ, ਜਿਨ੍ਹਾਂ ਵਿਚ ਸ੍ਰੀ ਜਪੁ ਜੀ ਸਾਹਿਬ ਜੀ ਦੇ ਪਾਠ ਅੰਕਿਤ ਹਨ। ਪ੍ਰਭਾਤ ਫੇਰੀ ਦੌਰਾਨ ਸਭ ਸੰਗਤਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਪੁਰਬ ਦੀ ਵਧਾਈ ਦਿੱਤੀ ਗਈ। ਸੰਗਤਾਂ ਵੱਲੋਂ ਪ੍ਰਭਾਤ ਫੇਰੀ ਨਾਲ ਆਈ ਸੰਗਤ ਨੂੰ ਚਾਹ-ਜਲੇਬੀਏ-ਬਦਾਨੇ ਦੇ ਲੰਗਰ ਲਗਾ ਕੇ ਭਰਵਾਂ ਸਵਾਗਤ ਕੀਤਾ ਗਿਆ। ਬੱਚਿਆਂ ਵੱਲੋਂ ਆਤਸ਼ਬਾਜੀ ਵੀ ਕੀਤੀ ਗਈ।

ਸੇਵਾਦਾਰਾਂ ਵਿਚ ਜਗਦੇਵ ਸਿੰਘ ਕਲਸੀ, ਮਨਵੀਰ ਸਿੰਘ ਚੇਹਲ, ਗੁਰਪ੍ਰੀਤ ਸਿੰਘ ਘੁੱਗੀ, ਚਮਕੌਰ ਸਿੰਘ ਕੌਰੀ, ਗੁਰਪ੍ਰੀਤ ਸਿੰਘ ਗੋਪੀ, ਲਖਵੀਰ ਸਿੰਘ ਲੱਖਾ, ਰਾਜਵੀਰ ਸਿੰਘ, ਗੁਰਲਾਲ ਸਿੰਘ, ਗੁਰਸੇਵਕ ਸਿੰਘ, ਰਾਜਵਿੰਦਰ ਸਿੰਘ, ਹਰਵਿੰਦਰ ਸਿੰਘ, ਜਗਸੀਰ ਸਿੰਘ, ਕੁਲਦੀਪ ਸਿੰਘ ਆਦਿ ਸ਼ਾਮਲ ਸਨ।

ਰਿਪੋਰਟ— ਸਵਰਨ ਸਿੰਘ ਕਲਸੀ

## ਸੰਤ ਤਰਨ ਸਿੰਘ ਵਹਿਮੀ ਪੁਰਸਕਾਰ

ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਦੇ ਪ੍ਰਧਾਨ ਅਤੇ ਸਿੱਖਿਆ ਮੰਤਰੀ ਹਰਿਆਣਾ, ਚੌਧਰੀ ਫੂਲ ਚੰਦ ਮੁਲਾਨਾ ਨੇ ਸੰਤ ਤਰਨ ਸਿੰਘ ਵਹਿਮੀ ਜੀ ਨੂੰ ਸਮਰਪਿਤ ਪੰਜਾਬੀ ਦਾ ਇੱਕ ਪੁਰਸਕਾਰ ਸ਼ੁਰੂ ਕਰਨ ਦਾ ਐਲਾਨ ਮਿਤੀ ੧੧ ਨਵੰਬਰ ੨੦੦੬ ਨੂੰ ਜੀ. ਐਮ ਐਨ. ਕਾਲਜ, ਅੰਬਾਲਾ ਛਾਉਣੀ ਵਿਖੇ ਕੀਤਾ ਹੈ। ਉਨ੍ਹਾਂ ਅੱਗੇ ਦੱਸਿਆ ਕਿ ਵਹਿਮੀ ਜੀ ਦਾ ਪੰਜਾਬੀ ਸਾਹਿਤ ਵਿਚ ਇੱਕ ਵਿਲੱਖਣ ਯੋਗਦਾਨ ਰਿਹਾ ਹੈ। ਉਹ ਇਕ ਪ੍ਰਸਿੱਧ ਸਾਹਿਤਕਾਰ ਅਤੇ ਇਤਿਹਾਸਕਾਰ ਰਹੇ ਹਨ। ਉਨ੍ਹਾਂ ਨੇ ਆਪਣੀਆਂ ੧੪ ਪੁਸਤਕਾਂ ਅਤੇ ੨੧੯੦ ਪੰਨੇ ਵਾਰਤਕ ਅਤੇ ੨੦੦੦ ਕਵਿਤਾਵਾਂ ਪੰਜਾਬੀ ਵਿਚ ਲਿਖੀਆਂ ਹਨ। ਉਨ੍ਹਾਂ ਦੱਸਿਆ ਕਿ ਅਕਾਦਮੀ ਸੰਤ ਤਰਨ ਸਿੰਘ ਵਹਿਮੀ ਜੀ ਦੀ ਯਾਦ ਵਿਚ ਇਹ ਪੁਰਸਕਾਰ ਹਰ ਸਾਲ ਇਕ ਪੰਜਾਬੀ ਦੇ ਲੇਖਕ ਨੂੰ ਦੇਵੇਗੀ। ਇਸ ਪੁਰਸਕਾਰ ਵਿਚ ੫੧,੦੦੦ ਰੁਪਏ ਦੀ ਇਨਾਮੀ ਰਾਸ਼ੀ, ਪ੍ਰਸ਼ੰਸਾ ਪੱਤਰ, ਸਨਮਾਨ ਚਿੰਨ੍ਹ ਦਿੱਤਾ ਜਾਵੇਗਾ। ਅਕਾਦਮੀ ਦੇ ਡਾਇਰੈਕਟਰ ਸੀ.ਆਰ.ਮੌਦਗਿਲ ਨੇ ਅੱਗੇ ਦੱਸਿਆ ਕਿ ਮੌਜੂਦਾ ਹਰਿਆਣਾ ਸਰਕਾਰ ਨੇ ਭਾਈ ਸੰਤੋਖ ਸਿੰਘ ਪੁਰਸਕਾਰ ਦੀ ਰਾਸ਼ੀ ੨੧,੦੦੦ ਰੁਪਏ ਤੋਂ ੧,੦੦,੦੦੦ ਰੁਪਏ ਤੱਕ ਕਰ ਦਿੱਤੀ, ਬਾਬਾ ਸ਼ੇਖ ਫਰੀਦ ਜੀ ਦੀ ਯਾਦ ਵਿਚ ਇੱਕ ਨਵਾਂ ਪੁਰਸਕਾਰ ੫੧,੦੦੦ ਰੁਪਏ ਸ਼ੁਰੂ ਕੀਤਾ ਗਿਆ, ਰਾਗੀ, ਢਾਡੀ, ਗਾਇਕ ਪੁਰਸਕਾਰ ੨੧,੦੦੦ ਰੁਪਏ ਸ਼ੁਰੂ ਕੀਤਾ ਗਿਆ ਹੈ। ਇਸ ਲੜੀ ਦੇ ਅੰਤਰਗਤ ਸੰਤ ਤਰਨ ਸਿੰਘ ਵਹਿਮੀ ਜੀ ਦੀ ਯਾਦ ਪੁਰਸਕਾਰ ਸ਼ੁਰੂ ਕਰਨ ਤੇ ਉਨ੍ਹਾਂ ਨੇ ਹਰਿਆਣਾ ਸਰਕਾਰ ਅਤੇ ਸਿੱਖਿਆ ਮੰਤਰੀ ਜੀ ਦਾ ਧੰਨਵਾਦ ਕੀਤਾ।

ਪ੍ਰੈਸ ਨੋਟ ਹਰਿਆਣਾ
ਪੰਜਾਬੀ ਸਾਹਿਤ ਅਕਾਦਮੀ

### ਪ੍ਰਿੰ. ਖਾਲਸਾ ਦਾ ਨਵਾਂ ਪਤਾ

ਪ੍ਰਿੰ ਕਰਤਾਰ ਸਿੰਘ ਜੀ ਖਾਲਸਾ ਦਾ ਨਵਾਂ ਪਤਾ ਅਤੇ ਫੋਨ ਨੰਬਰ ਨਿਮਤ ਲਿਖਤ ਹੈ। ਸਬੰਧਤ ਸਜਨ ਨੋਟ ਕਰਨ ।

ਪ੍ਰਿੰ. ਕਰਤਾਰ ਸਿੰਘ ਖਾਲਸਾ
224 ਪਾਂਡੂਸਰ ਨਾਭਾ 147201
ਫੋਨ : 01765-225078



Namdhari Elibrary NamdhariElibrary@gmail.com

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਬੀ ਬੀ ਐਲ ਫੂਡਜ਼ ਪ੍ਰਾਈਵੇਟ ਲਿਮਟਿਡ

ਸੰਤੋਸ਼ ਨਗਰ X ਰੋਡਜ਼, ਹੈਦਰਾਬਾਦ - 500 059

- ਬਿਸਕੁਟ ਬਨਾਉਣ ਦੀਆਂ ਆਟੋਮੈਟਿਕ ਮਸ਼ੀਨਾਂ
- ਵੇਫ਼ਰ ਬਨਾਉਣ ਵਾਲੀਆਂ ਆਟੋਮੈਟਿਕ ਮਸ਼ੀਨਾਂ

ਅਤੇ

## ਵਧੀਆ ਬਿਸਕੁਟ ਬਨਾਉਣ ਵਾਲੀ ਹਿੰਦੋਸਤਾਨ ਦੀ ਪਹਿਲੀ ਕੰਪਨੀ

BBL

FOODS PVT LTD

**Pinoneer Manufacturer in India of**

- Automatic machines for producing Biscuits
- Automatic machines for producing Wafers

and

Makers of High quality Biscuits

## BBL FOODS PVT. LTD.

*Santosh Nagar (X) Roads, Hyderabad-500 059 India*

*Ph.:— +91-40-4530680, 82,84 Fax :— +91-40--4530475*

*E-mail:amber @hd1.vsnl.net.in*

| Balvinder Pal Singh | Lakhbir Singh Muchhal | Sukhwinder Kaur |
|---|---|---|
| *Manging Director* | *Director* | *Director* |
| *Ph.: 9391048734* | *Ph.: 9848050607* | *Ph.: 9391046298* |




Namdhari Elibrary NamdhariElibrary@gmail com

# ਪ੍ਰਤੀਕਿਰਿਆ

ਮੈਂ ਸ. ਸਵਰਨ ਸਿੰਘ ਵਿਰਕ ਦਾ ਬਹੁਤ ਆਭਾਰੀ ਹਾਂ ਜੋ ਵਿਰਕ ਜੀ ਨੇ ਵਰਿਆਮ ਅਕਤੂਬਰ ੨੦੦੬ ਦੇ ਵਿਚ ਲਿਖਿਆ ਏ ਕਿ ਬਾਬੇ ਜੱਸਾ ਸਿੰਘ ਦੀ ਚਿਣੀ ਹੋਈ ਚਿਖਾ ਤੇ ਪਿੰਡ ਦੇ ਜੱਟਾਂ ਨੇ ਸਸਕਾਰ ਨਹੀਂ ਸੀ ਹੋਣ ਦਿਤਾ। ਮੈਂ ਅੱਜ ਤੱਕ ਕਿਸੇ ਦਿਵਾਨ ਵਿਚ ਜਾਂ ਕਿਸੇ ਜਥੇਦਾਰ ਤੋਂ ਨਹੀਂ ਸੀ ਸੁਣਿਆ ਹਾਲਾਂਕਿ ਤਾਰਾ ਸਿੰਘ ਅਨਜਾਣ 'ਸਰਹਨ ਕੇ ਸਿਰਮੌਰ ਗਰੰਥ' ਵਿਚ ਲਿਖਦੇ ਹਨ ਕਿ ਬਾਬਾ ਜੀ ਨੂੰ ਰਾਈਆਂ ਤੇ ਭੈਣੀ ਦੇ ਜੱਟ ਹੀ ਲੈ ਕੇ ਆਏ ਸਨ ਪਰ ਅਗਲੀ ਗੱਲ ਓਸ ਵੀ ਨਹੀਂ ਲਿਖੀ। ਮੈਂ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਇਤਿਹਾਸ ਸੁਣਿਆਂ ਹੋਇਆ ਏ ਕਿ ਪਿੰਡ ਦੇ ਜੱਟਾਂ ਨੇ ਗੁਰੂ ਜੀ ਨੂੰ ਪਿੰਡੋਂ ਕੱਢ ਦਿੱਤਾ ਸੀ ਕਿਉਂ ਜੋ ਜੱਟਾਂ ਦੇ ਆਖੇ ਗੁਰੂ ਜੀ ਨੇ ਮੀਂਹ ਨਹੀਂ ਸੀ ਪਾਇਆ। ਸਮਾਂ ਕਿਸੇ ਦਾ ਲਿਹਾਜ ਨਹੀਂ ਕਰਦਾ। ਮਹਾਰਾਜ ਬੀਰ ਸਿੰਘ ਜੀ ਸਵਰਨ ਜਯੰਤੀ ਵਿਚ ਲਿਖਦੇ ਹਨ ਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਸ ਸਾਲ ਪਹਿਲਾਂ ਦੇਹ ਛੱਡ ਗਏ ਹਨ। ਜੇ ਇਹ ਗੱਲ ਸੱਚੀ ਹੈ ਤਾਂ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਇਹ ਵੀ ਮਿਹਰਬਾਨੀ ਜੱਟਾਂ ਦੀ ਹੀ ਸੀ। ਓਹਨਾਂ ਜੱਟਾਂ ਬਾਰੇ ਕਰਨ ਸਿੰਘ ਵਹਿਸ਼ੀ ਜੀ ਨੇ ਵੀ ਗੁੱਸਾ ਕੱਢਿਆ ਏ। ਉਹ ਆਪਣੀ ਕਵਿਤਾ ਵਿਚ ਲਿਖਦੇ ਹਨ "ਬਬਰ ਜੱਟ ਦੇ ਕੋਲ ਨਾ ਢਾਹੀਦੀ ਏ"। ਭਾਵ ਕਿ ਮਰ ਕੇ ਵੀ ਜੱਟਾਂ ਦੇ ਨੇੜੇ ਨਾ ਜਾਓ। ਉਂਜ ਉਹ ਆਪ ਵੀ ਜੱਟ ਹੀ ਸਨ।

ਸਾਡੇ ਗੁਆਂਢ ਵਿਚ ਵੀ ਏਹੋ ਜਿਹਾ ਇਕ ਭਾਣਾ ਵਰਤਿਆ ਸੀ। ਚਾਚੇ ਦੇ ਸਸਕਾਰ ਵਾਸਤੇ ਲੱਕੜਾਂ ਸੁਟੀਆਂ ਹੋਈਆਂ ਸੀ ਤੇ ਭਤੀਜਿਆਂ ਨੇ ਚੁੱਕਾ ਦਿਤੀਆਂ ਸਨ। ਫੇਰ ਬੁੱਢੀ ਮਾੜੀ ਦੇ ਸਿਵਿਆਂ ਵਿਚ ਜਾ ਕੇ ਸਸਕਾਰ ਕੀਤਾ ਸੀ। ਇਹ ਕੰਮ ਵੀ ਜੱਟਾਂ ਦਾ ਹੀ ਸੀ। ਜੱਟਾਂ ਬਾਰੇ ਇਕ ਅਖਾਣ ਵੀ ਬਣਿਆ ਹੋਇਆ ਏ "ਜੱਟ ਕਿਰਾੜੋ ਮੁਰਸ਼ਦ ਨਾਲ। ਜੱਟ ਬੋਲੇ ਤਾਂ ਕਢੇ ਗਾਲ" ਇਹ ਬਹੁਤ ਮਾੜੀ ਗੱਲ ਏ।

ਏਸੇ ਹੀ ਵਰਿਆਮ ਵਿਚ ਅਮਰਜੀਤ ਸੈਂਪੁ ਦੀ ਕਵਿਤਾ ਕਿਸੇ ਸਿਫਤ ਦੀ ਮੁਥਾਜ ਨਹੀਂ । ਏਸ ਕਵਿਤਾ ਨੇ ਅੰਨਿਆਂ ਨੂੰ ਵੀ ਅੱਖਾਂ ਲਾ ਦਿਤੀਆਂ ਹਨ।

———

ਨਵੰਬਰ ੨੦੦੬ ਦਾ ਵਰਿਆਮ ਅੰਕ ਮਿਲਿਆ ਬਹੁਤ ਵਧੀਆ ਹੈ। ਜਿਹੜਾ ਸੁਝਾਅ ਬਚਿੱਤਰ ਸਿੰਘ ਬਸਰਾ ਨੇ ਆਪ ਜੀ ਨੂੰ ਦਿਤਾ ਹੈ, ਮੈਂ ਓਹਦੇ ਨਾਲ ਇਕ ਸੌ ਤੋਂ ਉਪਰ ਹੋ ਸਹਿਮਤ ਹਾਂ। ਅੱਗੋਂ ਆਪ ਜੀ ਦੀ ਮਰਜ਼ੀ। ਇੰਦਰਜੀਤ ਹਸਨਪੁਰੀ ਨੇ ਜੋ 'ਬੇਬੇ' ਦੀ ਕਵਿਤਾ ਲਿਖੀ ਏ, ਬਹੁਤ ਪਸੰਦ ਆਈ, ਕਿਉਂਕਿ ਮੇਰੀ ਬੇਬੇ ਵੀ ਮੈਨੂੰ ਨਿੱਕੇ ਹੁੰਦੇ ਨੂੰ ਛੱਡ ਗਈ ਸੀ। ਤੇ ਮੇਰੇ ਸਿਰ ਵਿਚੋਂ ਜੂੰਆਂ ਹੀ ਨਹੀਂ ਸਨ ਮੁੱਕਦੀਆਂ ਬੇਬੇ ਬਿਨਾਂ ਕੌਣ ਕੱਢਦਾ ?

ਬਲੌਰ ਸਿੰਘ ਬਾਜਵਾ
ਪਿੰਡ ਬੁੱਢੀ ਮਾੜੀ, ਘਾਟੀ ਨਾਲੀ ਦਾ ਪੁਲ
ਸਿਰਸਾ (ਹਰਿਆਣਾ)

ਇਸ ਵਾਰ (ਨਵੰਬਰ ੨੦੦੬ ਅੰਕ) ਵਰਿਆਮ ਦੇ ਮੁੱਖ ਪੰਨੇ ਵਿਚ ਸਤਿਗੁਰਾਂ ਦਾ ਆਸ਼ੀਰਵਾਦ ਜਾਣ ਕੇ ਮਨ ਬਹੁਤ ਪ੍ਰਸੰਨ ਹੋਇਆ। ਹੁਣ ਪਤਾ ਲਗਾ ਕਿ ਵਰਿਆਮ ਦੀ ਨਿਰੰਤਰਤਾ ਪਿੱਛੇ ਕਿਹੜੀ ਰੂਹਾਨੀ ਤਾਕਤ ਕਾਰਜਸ਼ੀਲ ਸੀ। ਇਸ ਵਾਰ ਦੇ ਅੰਕ ਵਿਚ ਹੋਰ ਕਈ ਰਚਨਾਵਾਂ ਦੇ ਨਾਲ ਨਾਲ ਇੰਦਰਜੀਤ ਹਸਨਪੁਰੀ ਦੀ ਰਚਨਾ 'ਬੇਬੇ' ਬਹੁਤ ਮਾਰਮਿਕ ਰਚਨਾ ਹੈ। ਸਿੱਧੀ ਦਿਲ ਨੂੰ ਛੋਂਹਦੀ ਹੈ, ਕਿਉਂਕਿ ਉਸ ਵਿਚ ਕਾਵਿਕ ਉਡਾਣ ਦੇ ਨਾਲ ਨਾਲ ਕਥਾ ਰਸ ਵੀ ਹੈ। ਅਜਿਹੀਆਂ ਰਚਨਾਵਾਂ ਧੁਰ ਅੰਦਰੋਂ ਹੀ ਲਿਖੀਆਂ ਜਾ ਸਕਦੀਆਂ ਹਨ। ਅਜਿਹੀਆਂ ਰਚਨਾਵਾਂ ਖਾਸ ਕਰ ਅਜਿਹੀ ਪੀੜ੍ਹੀ ਨੂੰ ਬਹੁਤ ਚੁਭਦੀਆਂ ਹਨ ਜਿਨ੍ਹਾਂ ਨੇ ਮਾਪਿਆਂ ਦੀ ਗਰਦੀ ਦਾ ਮੋਹ ਪਿਆਰ ਅਤੇ ਅਪਣੱਤ ਮਾਣੀ ਹੈ। ਹਾਲਾਂ ਕਿ ਅਜੋਕੀ ਕਵਿਤਾ ਕਾਫੀ ਹੱਦ ਤੱਕ ਕਥਾ ਰਸ ਵਾਲੀ ਕਾਵਿ ਰਚਨਾ ਤੋਂ ਨੱਕ-ਬੁੱਲ੍ਹ ਹੀ ਵੱਟਦੀ ਹੈ। ਨਵੀਂ ਪੀੜ੍ਹੀ, ਆਪਣੀ ਥਾਂ ਸੱਚੀ ਹੈ ਕਿਉਂਕਿ ਉਨ੍ਹਾਂ ਨੇ ਇਹ ਇਹਸਾਸ ਇਸ ਰੂਪ ਵਿਚ ਮਾਣੇ ਹੀ ਨਹੀਂ ਹਨ। ਮੈਨੂੰ ਜੋ ਪਰਚੇ ਦਾ ਅੰਕ ਮਿਲਿਆ ਉਸ ਵਿਚ ਰਾਧਾ ਸੁਆਮੀ ਮਤ ਬਾਰੇ ਲੇਖ ਦੇ ਦੋ ਸਫੇ ਜੁੜੇ ਰਹਿ ਗਏ ਅਤੇ ਪ੍ਰਿੰਟ ਹੋਣੋ ਰਹਿ ਗਏ। ਕੀ ਸਾਰੇ ਅੰਕ ਦੇ ਦੋ ਸਫੇ ਨਹੀਂ ਛਪੇ ?

*—ਕਿਰਪਾਲ ਕਜ਼ਾਕ (ਪਟਿਆਲਾ)*

———



Namdhari Elibrary NamdhariElibrary@gmail com

ਹਰ ਵਾਰ ਵਾਂਗ ਵਰਿਆਮ ਨਵਾਂ ਮਹੀਨਾ ਸ਼ੁਰੂ ਹੋਣ ਤੋਂ ਇੱਕ ਦਿਨ ਪਹਿਲਾਂ ਹੀ ਮਿਲ ਗਿਆ ਹੈ। ਵਰਿਆਮ ਹੀ ਇਕੋ-ਇਕ ਪਰਚਾ ਹੈ ਜੋ ਹਰ ਮਹੀਨੇ ਸਮੇਂ ਸਿਰ ਪਾਠਕਾਂ ਤੱਕ ਪਹੁੰਚ ਜਾਂਦਾ ਹੈ। ਤੁਹਾਡਾ ਇਹ ਯਤਨ ਸ਼ਲਾਘਾ ਯੋਗ ਹੈ।

ਨਵੰਬਰ ੨੦੦੬ ਦਾ ਵਰਿਆਮ ਸਾਰਾ ਹੀ ਵਧੀਆ ਹੈ ਪਰ ਇੰਦਰ ਜੀਤ ਹਸਨਪੁਰੀ ਦੀ ਨਜ਼ਮ 'ਬੇਬੇ' ਤੇ ਗੁਰਭਜਨ ਗਿੱਲ ਦੀ ਨਜ਼ਮ 'ਮੈਂ ਆਜ਼ਾਦੀ ਜਸ਼ਨ ਵਿਚ ਸ਼ਾਮਿਲ ਨਹੀਂ ਹਾਂ' ਸਰਵ ਸ੍ਰੇਸ਼ਟ ਕਾਵਿ ਰਚਨਾਵਾਂ ਹਨ ਜੋ ਮਨ ਨੂੰ ਟੁੰਬਦੀਆਂ ਹਨ।

*ਹਰਜੋਤ ਸਿੰਘ ਬੀਮਨ ਮਲੋਟ*

---

ਬੇਨਤੀ ਹੈ ਕਿ ਜੋ ਅਖ਼ਬਾਰ ਦੀ ਕਟਿੰਗ ਮੈਂ ਤੁਹਾਨੂੰ ਭੇਜ ਰਿਹਾ ਹਾਂ, ਉਹ ਬਹੁਤ ਪੁਰਾਣੀ ਛਪੀ ਹੋਈ ਹੈ। ਇਹ ਮੈਂ ਸੰਭਾਲ ਕੇ ਰੱਖੀ ਹੋਈ ਸੀ। ਉਮੀਦ ਕਰਦਾ ਹਾਂ ਤੁਸੀਂ ਇਸਨੂੰ ਦੁਬਾਰਾ ਜ਼ਰੂਰ ਛਾਪੋਗੇ।

ਇਕ ਬੇਨਤੀ ਮੈਂ ਤੁਹਾਨੂੰ ਹੋਰ ਕਰਨੀ ਚਾਹੁੰਦਾ ਹਾਂ ਕਿ ਪਿਛਲੇ ਦਿਨੀਂ, ੧੦ ਸੰਤਬਰ ਨੂੰ ਦੇਸ਼ ਭਗਤ ਯਾਦਗਾਰ ਹਾਲ ਵਿੱਚ ਸ਼ਹੀਦ ਭਗਤ ਸਿੰਘ, ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਜਨਮ-ਦਿਨ ਮਨਾਇਆ ਗਿਆ। ਤੁਸੀਂ ਉਸ ਦੀ ਰਿਪੋਟ 'ਵਰਿਆਮ' ਵਿਚ ਕਿਉਂ ਨਹੀਂ ਛਾਪੀ ? ਮੈਂ ਕਿਸੇ ਕਾਰਨ ਉਸ ਦਿਨ ਨਹੀਂ ਆ ਸਕਿਆ, ਨਹੀ ਮੈਂ ਤੁਹਾਨੂੰ ਨਿੱਜੀ ਤੌਰ ਤੇ ਮਿਲਣ ਆਉਣਾ ਸੀ। ਪਿਛਲੇ ਅੰਕਾਂ ਵਿੱਚ ਤੁਸੀਂ ਸ਼ਹੀਦ ਭਗਤ ਸਿੰਘ ਬਾਰੇ ਇਕ ਪੇਜ ਉਤੇ ਸਿਰਫ਼ ਸੰਪਾਦਕੀ ਨੋਟ ਲਿਖਕੇ ਸਾਰ ਦਿੱਤਾ। ਕੀ ਵਰਿਆਮ ਵਿਚ ਇਨੀ ਵੀ ਜਗ੍ਹਾ ਹੀ ਮਿਲੀ ਸੀ ? ਸ਼ਹੀਦ ਭਗਤ ਸਿੰਘ ਬਾਰੇ ? ਅੱਗੇ ਤੋਂ ਖਿਆਲ ਰੱਖਿਆ ਕਰੋ, ਸ਼ਹੀਦ ਦੇ ਜਨਮ ਸਬੰਧੀ ਜਾਂ ਸ਼ਹੀਦੀ ਦਿਵਸ ਸਬੰਧੀ ਕੋਈ ਪ੍ਰੋਗਰਾਮ ਤੁਹਾਡੇ ਨੇੜੇ-ਨੇੜੇ ਹੋਵੇ ਤਾਂ ਰਿਪੋਰਟ ਜ਼ਰੂਰ ਛਾਪਣ ਦੀ ਕ੍ਰਿਪਾ ਕਰਨੀ।

ਇਕ ਗੱਲ ਮੈਂ ਤੁਹਾਡੇ ਨਾਲ ਹੋਰ ਸਾਂਝੀ ਕਰਨੀ ਚਾਹੁੰਦਾ ਹਾਂ ਕਿ ਜਦੋਂ ਵੀ ਨਾਮਧਾਰੀ ਕਿਸੇ ਵੀ ਪ੍ਰੋਗਰਾਮ ਸਮੇਂ ਅਰਦਾਸ ਕਰਦੇ ਹਨ ਤਾਂ ਉਹ ਕਹਿੰਦੇ ਹਨ – ੯੦ ਸ਼ਹੀਦ — ਜਦਕਿ ਸਮੂਹ ਸ਼ਹੀਦ ਕਹਿਣਾ ਚਾਹੀਦਾ ਹੈ। ਨਾਮਧਾਰੀ ਸਿਰਫ ੯੦ ਸ਼ਹੀਦ ਨਹੀਂ ਹੋਏ, ਵਧ ਘੱਟ ਵੀ ਹੋ ਸਕਦੇ ਹਨ।

ਬਾਕੀ ਜੋ ਪ੍ਰਭਾਤ ਫੇਰੀ ਦੀ ਖ਼ਬਰ ਤੁਹਾਨੂੰ ਭੇਜੀ ਹੈ, ਉਹ ਜ਼ਰੂਰ ਛਾਪ ਦੇਣੀ। ਪਿਛਲੇ ਸਾਲ ਦੀ ਤਰ੍ਹਾਂ ਲੇਟ ਨਾ ਕਰ ਦੇਣੀ।, ਧੰਨਵਾਦੀ ਹੋਵਾਂਗੇ।

ਤੁਸੀਂ ਵੀ ਅਦਾਰਾ 'ਸਤਿਜੁਗ' ਦੀ ਤਰ੍ਹਾਂ ਸਾਲਾਨਾ ਕੈਲੰਡਰ ਜ਼ਰੂਰ ਛਾਪਿਆ ਕਰੋ। ਜ਼ਰੂਰੀ ਨਹੀਂ ਕਿ ਪਾਤਸ਼ਾਹੀਆਂ ਦੇ ਸਰੂਪ ਹੀ ਛਾਪਦੇ ਹਨ, ਤੁਸੀਂ ਕੋਈ ਹੋਰ ਮੈਟਰ ਵੀ ਛਾਪ ਸਕਦੇ ਹੋ ਜੋ ਤੁਹਾਨੂੰ ਚੰਗਾ ਲੱਗੇ। ਰੋਜ਼ਾਨਾ ਅਖ਼ਬਾਰ ਜੋ ਛਪਦੇ ਹਨ ਉਨ੍ਹਾਂ ਦੇ ਦੇਵੀ-ਦੇਵਤਿਆਂ, ਗੁਰੂਆਂ-ਪੀਰਾਂ ਦੀਆਂ ਫੋਟੋਆਂ ਨਹੀਂ ਛਾਪਣੀਆਂ ਚਾਹੀਦੀਆਂ। ਅਖ਼ਬਾਰ ਇਕ ਵਾਰ ਪੜ੍ਹਕੇ ਰੱਦੀ ਵਿਚ ਚਲੇ ਜਾਂਦੇ ਹਨ। ਦੁਕਾਨਦਾਰ ਪਤਾ ਨਹੀਂ ਇਹਦੇ ਵਿਚ ਕੀ ਪੈਸ ਕੇ ਦੇ ਦੇਵੇ।

ਲਿਖਣ ਨੂੰ ਤਾਂ ਬਹੁਤ ਜੀ ਕਰਦਾ ਹੈ, ਪਰ ਜਗ੍ਹਾ ਦੀ ਕਮੀ ਹੈ, ਭੁੱਲ ਚੁੱਕ ਮੁਆਫ਼ ਕਰਨੀ। ਆਪ ਦੇ ਨਾਲ ਮੇਲੇ ਤੇ ਮੁਲਾਕਾਤ ਹੋਵੇਗੀ, ਤਦ ਤੱਕ ਲਈ ਸ਼ੁਕਰੀਆ।

*—ਸਵਰਨ ਸਿੰਘ ਕਲਸੀ*
*ਪਿੰਡ ਸੈਦੋਕੇ (ਮੋਗਾ)*

---

ਨਵੰਬਰ 'ਵਰਿਆਮ' ਵਿਚ ਆਪਣੇ ਬਾਰੇ ਸਵਰਨ ਸਿੰਘ 'ਵਿਰਕ' ਦਾ ਲੇਖ "ਨਾਮਧਾਰੀ ਇਤਿਹਾਸ ਖ਼ਿਜ਼ ਦਾ ਮੋਲ ਖੋਜਕ-ਜਸਵਿੰਦਰ ਸਿੰਘ ਹਿਸਟੋਰੀਅਨ" ਪੜ੍ਹਿਆ। ਵਿਰਕ ਜੀ ਨੂੰ ਬੋਲਣ ਦੇ ਮਾਮਲੇ ਵਿਚ ਤਾਂ ਕਮਾਲ ਹਾਸਲ ਸੀ ਹੀ, ਲਿਖਣ ਵਿਚ ਵੀ ਉਹਨਾਂ ਦੀ ਅਦਾਇਗੀ ਕਮਾਲ ਦੀ, ਰੌਚਕ ਹੁੰਦੀ ਹੈ। ਲੇਖਕਾਂ ਨੂੰ ਸੰਭਾਲਣ ਦਾ ਵੱਡਮੁੱਲਾ ਕੰਮ ਉਹ ਧਿਆਨ ਨਾਲ ਕਰ ਰਹੇ ਹਨ। ਵਰਿਆਮ ਦਾ ਵਿਰਕ ਜੀ ਇਕ ਰੌਚਕ ਹਿੱਸਾ ਹਨ ਜਿਸ ਨੂੰ ਪੜ੍ਹਨ ਦਾ ਸਭ ਦਾ ਜੀਅ ਕਰਦਾ ਰਹਿੰਦਾ ਹੈ।

ਜਸਵਿੰਦਰ ਸਿੰਘ ਤੇ ਪਹਿਲੀ ਵਾਰੀ ਕੁਝ ਲਿਖਿਆ ਗਿਆ ਹੈ। ਪੜ੍ਹ ਕੇ ਮੈਨੂੰ ਤਾਂ ਚੰਗਾ ਲੱਗਣਾ ਹੀ ਸੀ, ਪਰ ਵਿਰਕ ਜੀ ਦੀ ਅਦਾਇਗੀ ਨੇ ਹੋਰ ਵੀ ਚਮਕਾ ਦਿੱਤਾ ਹੈ। 'ਵਰਿਆਮ' ਦੇ ਮੇਰੇ ਪਾਸ ਪੁੱਜਣ ਤੋਂ ਪਹਿਲਾਂ ਹੀ ਇਸ ਲੇਖ ਦੀ ਸਲਾਹੁਤ ਬਾਰੇ ਫ਼ੋਨ ਮੈਨੂੰ ਆਉਣੇ ਸ਼ੁਰੂ ਹੋ ਗਏ ਸਨ। ਲੇਖ ਵਧੀਆ ਲਿਖਿਆ ਅਤੇ ਵਧੀਆ ਛਾਪਿਆ ਗਿਆ ਹੈ। ਵਰਿਆਮ ਨੂੰ ਧੰਨਵਾਦ।

ਇਸ ਲੇਖ ਵਿਚ ਇਕ ਸੁਧਾਈ ਲੋੜੀਂਦੀ ਹੈ। ਪਾਕਿਸਤਾਨ ਵਿਚ ਸਾਡਾ ਪਿੰਡ ਚੱਕ ਨੰ.੧੧੯ ਸੀ ੧੭ ਨਹੀਂ। ਸ਼ਾਇਦ



Namdhari Elibrary NamdhariElibrary@gmail com

ਮੈਨੂੰ ਹੀ ਦੱਸਣ ਵਿਚ ਉਕਾਈ ਹੋ ਗਈ ਹੋਵੇਗੀ। ਬਾਕੀ ਬਹੁਤ ਵਧੀਆ ਹੈ।

ਕਰਤਾਰ ਸਿੰਘ ਨੀਲਧਾਰੀ ਦੇ ਵਿਚਾਰ ਅਕਸਰ ਵਰਿਆਮ ਵਿਚ ਛਪਦੇ ਰਹਿੰਦੇ ਹਨ। ਭਾਵੇਂ ਵਿਚਾਰਾਂ ਦਾ ਥੋੜ੍ਹਾ ਵਖਰੇਵਾਂ ਹੈ, ਪਰ ਕਰਤਾਰ ਸਿੰਘ ਜੀ ਚੇਤਨ ਪਾਠਕ ਅਤੇ ਲੇਖਕ ਹਨ ਵਰਿਆਮ ਦੇ। ਸਿਆਣੇ ਵੀ ਹਨ। ਸਾਧੂ ਸਿੰਘ ਕਿਸਾਨ ਦਾ ਲੇਖ ਜਾਣਕਾਰੀ ਭਰਪੂਰ ਹੈ ।

*—ਜਸਵਿੰਦਰ ਸਿੰਘ ਕਿਸ਼ਟੋਗੋਅਲ.*
*ਨਵੀਂ ਦਿੱਲੀ*

---

ਵਰਿਆਮ ਦਾ ਗਲਪ ਪਰਾਗਾ ਅਤੇ ਕਾਵਿਕ ਚੰਗੇਰ ਅਤੇ ਤੁਹਾਡੀ ਦਾਨਿਸ਼ਮੰਦ ਸੰਪਾਦਕੀ ਸੂਝ, ਤਾਰੀਫ਼ ਵਿਚ ਕੁਝ ਕਹਿਣ ਦੀ ਅਵੱਗਿਆ ਨਾ ਕਰਾਂ ਤਾਂ ਚੰਗਾ ਹੀ ਰਹੇਗਾ। ਜੇ ਮਹਾਂਪੁਰਖਾਂ ਦੇ ਬਚਨ ਹੀ ਦੁਹਰਾਏ ਜਾਣ ਕਿ ਕਿੰਜ ਬਿਆਨ ਕਰੇ ਕੋਈ ਗੂੰਗਾ, ਗੁਣ ਮਿੱਠੀਆਂ ਮਿਠਿਆਈਆਂ ਦੇ, ਤੁਸੀਂ ਦਾਸ ਨੂੰ ਆਪਣੀ ਕਿਰਪਾ ਬਖ਼ਸ਼ਿਸ਼ ਨਾਲ ਜਦਾਂ ਤੋਂ ਵਰਿਆਮ ਦੇ ਅੰਮ੍ਰਿਤ ਪਿਆਲੇ ਨਾਲ ਜੋੜਿਆ ਹੈ, ਦਾਸ ਨੇ ਕੀ ਕਹਿਣਾ ਹੈ। ਮਹਾਂਪੁਰਖਾਂ ਦੇ ਬਚਨ, ਚੁਭੀ ਰਹੇ ਸੁਰਤ ਚਰਨਨ ਮੇਂ, ਵਾਲੀ ਸਥਿਤੀ ਦਾ ਅਨੁਭਵ ਹੁੰਦਾ ਹੈ। ਵਰਿਆਮ ਤਲਵੰਡੀ ਸਲੇਮ ਵਿਚ ਮਹਾਂਪੁਰਖਾਂ ਦਾ ਰਾਜਦੂਤ, ਭੈਣੀ ਸਾਹਿਬ ਦਾ ਪੈਗਾਮ ਬਣ ਕੇ ਆਉਂਦਾ ਹੈ। ਗਰੀਬਾਂ ਦੇ ਘਰ ਜੋ ਦੂਰ ਦਰਸ਼ਨ ਦੇ ਮੈਲੇ ਕਰਤੱਬ ਅਪਵਿੱਤਰ ਕਰੀ ਜਾਂਦੇ ਹਨ ਉਥੇ ਮੈਂ ਵਰਿਆਮ ਦੇ ਅਮੋਲਕ ਸੰਦੇਸ਼ ਦੀ ਧੂਫ ਧੁਖਾਉਂਦਾ ਹਾਂ। ਤੁਹਾਡੀ ਘਾਲਣਾ ਅਤੇ ਪ੍ਰੇਰਨਾ ਪਿਛਲੇ ਸਰੋਤ-ਸਿਰਤਾਜ ਨੂੰ ਸੀਸ ਝੁਕਾਉਂਦਾ ਹਾਂ -

*ਸੰਤ ਸੰਧੂ*
*੦੧੮੨੧-੨੫੧੦੬੪*
*ਤਲਵੰਡੀ ਸਲੇਮ, (ਜਲੰਧਰ)*

## ਵਰਿਆਮ ਦੇ ਪਾਠਕੋ

ਸ੍ਰੀ ਭੈਣੀ ਸਾਹਿਬ ਵਿਚ ਇਸ ਵਾਰ ਜੱਪ ਪ੍ਰਯੋਗ ਬਾਦ ਵੱਡਾ ਸਾਲਾਨਾ ਮੇਲਾ ੬-੭-੮ - ੯ ਦਸੰਬਰ ਨੂੰ ਹੋ ਰਿਹਾ ਹੈ। ਸਮਾਪਤੀ ੯ ਦਸੰਬਰ ਸਵੇਰ ਨੂੰ ਹੋਵੇਗੀ।

ਇਸ ਅਵਸਰ ਤੇ ਸਦਾ ਵਾਂਗ ਵਰਿਆਮ ਦਾ ਸਟਾਲ ਵੀ ਲਗੇਗਾ। ਪਾਠਕਾਂ ਨੂੰ ਬੇਨਤੀ ਹੈ ਕਿ ਜਿਥੇ ਇਸ ਸਮਾਗਮ ਤੇ ਪੁੱਜ ਕੇ ਸਤਿਗੁਰੂ ਜੀ ਦੇ ਦਰਸ਼ਨ ਕਰਨ, ਨਾਮ ਸਿਮਰਨ ਕਥਾ ਕੀਰਤਨ ਦਾ ਲਾਭ ਉਠਾਉਣ ਅਤੇ ਸਾਮੂਹਕ ਅਨੰਦ ਕਾਰਜਾਂ ਦੇ ਦਰਸ਼ਨ ਕਰਨ ਉਥੇ ਵਰਿਆਮ ਦੇ ਸਟਾਲ ਤੇ ਪੁੱਜ ਕੇ ਆਪਣੇ ਬਕਾਇਆ ਅਤੇ ਨਵੇਂ ਚੰਦੇ ਅਤੇ ਸਹਾਇਤਾ ਆਦਿਕ ਜਮਾ ਕਰਾ ਕੇ ਰਸੀਦ ਪ੍ਰਾਪਤ ਕਰਨ।

*—ਮੈਨੇਜਰ*



Namdhari Elibrary NamdhariElibrary@gmail com

Our Motto : Best Quality of the Day

*High Class Gun Manufacturers*

**Single & Double Barrels**



# 12-BORE GUNS

## Free India Gun Manufacturers

**Prop. S. KARTAR SINGH (Jammu-Wale)**

**6, Industrial Estate, Ashok Nagar,**
**Jammu Cantt-3**
**Ph. : 433810**

**Sister Concern :**

**M/s Kartar Singh**
**ARMS & AMMUNITION DEALERS**



Namdhari Elibrary NamdhariElibrary@gmail.com

Oster®

REGD. TRADE MARK No. 491651

**SHIRTS**

**CARDIGANS • PULLOVERS**

**TITLIS**
(U.K.)

**LUXURY SHAWLS • BLANKETS**

**BED SHEETS • BED LINEN**

TEL : + 91 161 2494123, 2496056, 2493689, 5087501-02-03.
FAX:+ 91 161 2494131, 2500732
E-MAIL:jawsons@sify.com osterldh@satyam.net.in
Web site.www.osterindia.com



Namdhari Elibrary NamdhariElibrary@gmail.com




ਚੀਨ ਦੇ ਸ਼ਹਿਰ ਮਕਾਊ ਵਿਚ ਇਕ ਇਡਸਟਰੀ ਦੀ ਅੰਤਰਾਸ਼ਟਰੀ ਨੁਮਾਇਸ਼ ਵਿਚ ਪਰਤਾਪ ਇਨਜੀਨੀਅਰਜ਼ ਲੁਧਿਆਣਾ ਵੱਲੋਂ ਸ਼ਿਰਕਤ ਕੀਤੀ ਗਈ। ਇਸ ਸ਼ਹਿਰ ਦੇ 'ਮਕਾਊ ਟਾਵਰ' ਤੋਂ ੨੩੩ ਮੀਟਰ ਉੱਚੀ (ਦੁਨੀਆ ਵਿਚ ਸਭ ਤੋਂ ਉੱਚੀ) ਸਕਾਈ ਜੰਪ ਕਰਦੇ ਹੋਏ ਗੁਰਦੀਪ ਸਿੰਘ ਮਠਾੜੂ (ਬੰਟੀ) ਸਪੁੱਤਰ ਸ. ਤਰਲੋਚਨ ਸਿੰਘ ਮਠਾੜੂ




ਸਕਾਈ ਜੰਪ ਤੋਂ ਪਹਿਲਾਂ ਸ. ਸੁਰਜੀਤ ਸਿੰਘ ਮਠਾੜੂ, ਸ. ਹਰਮਨ ਸਿੰਘ (ਸਪੁੱਤਰ ਸੰਤ ਰਵਿੰਦਰ ਸਿੰਘ ਅਤੇ ਪ੍ਰਧਾਨ ਬੀਬੀ ਸੁਖਬੀਰ ਕੌਰ ਅਤੇ ਸ. ਗੁਰਦੀਪ ਸਿੰਘ (ਬੰਟੀ) ਮਠਾੜੂ

Namdhari Elibrary NamdhariElibrary@gmail.com

Registered No. PB 0016 (2006-2008) MONTHLY WARIAM Ladowali Road, Jalandhar-144001
Regd. RNI No. 26453/75 December 2006




ਐਡੀਟਰ, ਪ੍ਰਿੰਟਰ ਤੇ ਮਾਲਕ ਜਗਦੀਸ਼ ਸਿੰਘ ਵਰਿਆਮ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ
ਫੋਨ : 0181-2222543, ਨਿਵਾਸ :
NamdhariElibrary NamdhariElibrary@gmail.com